# ਰਾਗਮਾਲਾ ਬਾਰੇ ਵਿਚਾਰ

ਕੁਝ ਖੋਜੀ ਵਿਦਵਾਨ

ਭੇਟਾ 2-00

੧ ੴ ਸਤਿਗੁਰਪ੍ਰਸਾਦਿ ॥

# ਰਾਗਮਾਲਾ ਬਾਰੇ ਵਿਚਾਰ

ਵਲੋਂ

ਕੁਝ ਖੋਜੀ ਵਿਦਵਾਨ


ਪ੍ਰਕਾਸ਼ਕ

'ਸੂਰਾ' ਮਾਸਕ ਪੱਤਰ

ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ

ਪਹਿਲੀ ਵਾਰ ਮਾਰਚ ੧੯੮੬
**ਤੀਜੀ ਵਾਰ ਅਪ੍ਰੈਲ ੧੯੯੪**
੩੩੦੦ ਕਾਪੀ

ਛਾਪਕ
ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਸ੍ਰੀ ਅੰਮ੍ਰਿਤਸਰ

# ਤਤਕਰਾ


– ਮੁਢਲੇ ਸ਼ਬਦ 'ਸੂਰਾ' ਪਰਵਾਰ ੫

੧. ਮਹਾਨ ਕੋਸ਼ ਵਿਚ ਇੰਦਰਾਜ ੧੨

੨. ਗੁਰੂ ਗ੍ਰੰਥ ਜੀ ਦਾ ਭੋਗ ਸਲੋਕਾਂ ਪਰ ਪਾਵੈ
ਭਾਈ ਕਾਨ੍ਹ ਸਿੰਘ ਜੀ ਨਾਭਾ ੧੩

੩. ਰਾਗਮਾਲਾ ਨਿਰਣਯ
ਪ੍ਰੋਫ਼ੈਸਰ ਪਿਆਰਾ ਸਿੰਘ ਜੀ ਪਦਮ ੧੬

੪. ਮੁੰਦਾਵਣੀ
ਭਾ: ਸਾ: ਭਾਈ ਰਣਧੀਰ ਸਿੰਘ ਜੀ ੩੦

੫. ਰਾਗਮਾਲਾ ਦਾ ਲੇਖਕ ਕਵਿ ਆਲਮ ਜਾਂ ਤਾਨਸੈਨ ?
ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ ੩੯

੬. ਰਾਗ-ਮਾਲਾ
ਸਰਦਾਰ ਰਤਨ ਸਿੰਘ ਜੀ, ਇੰਗਲੈਂਡ ੪੪

੭.ਰਾਗਮਾਲਾ ਸੰਬੰਧੀ ਐਡੀਟਰ'ਖਾਲਸਾ ਸਮਾਚਾਰ'ਵਲ ਚਿੱਠੀ
ਗਿ: ਅਰਜਨ ਸਿੰਘ ਜੀ ਵੈਦ ਕਵੀਰਾਜ ੫੬

੮, ਕੁਝ ਵਿਦਵਾਨਾਂ ਦੇ ਵਿਚਾਰ ੭੪

# ਸਿੱਖ ਇਕ ਵਖਰੀ ਕੌਮ

## 'ਸੂਰਾ' ਵਿਸ਼ੇਸ਼ ਅੰਕ–ਕਿਤਾਬੀ ਰੂਪ ਵਿਚ

ਇਸ ਪੁਸਤਕ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਤੇ ਹੋਰ ਵਿਦਵਾਨਾਂ ਸ: ਦਵਿੰਦਰ ਸਿੰਘ ਦੁੱਗਲ, ਪ੍ਰੋ: ਗੁਰਮੁਖ ਸਿੰਘ, ਕੈਪਟਿਨ ਸਵਰਨ ਸਿੰਘ, ਸ: ਭਗਤ ਸਿੰਘ ਹੀਰਾ, ਪ੍ਰੋ: ਪਿਆਰਾ ਸਿੰਘ ਪਦਮ, ਡਾ: ਆਤਮਜੀਤ ਸਿੰਘ, ਸਾਧੀ ਪਾਲ ਸਿੰਘ, ਸਵਾਮੀ ਰਾਮ ਤੀਰਥ, ਸ: ਗੁਰਸਾਗਰ ਸਿੰਘ ਆਦਿ ਦੇ ਖੋਜ ਪੂਰਤ ਹੇਠ ਲਿਖੇ ੧੩ ਲੇਖ ਦਿਤੇ ਗਏ ਹਨ—

ਖਾਲਸਾ ਜੀ ਦਾ ਨਿਰਾਲਾਪਣ, ਸਿਖ ਨਾ ਹਿੰਦੂ ਹਨ ਤੇ ਨਾ ਹਿੰਦੂਆਂ ਦਾ ਹਿੱਸਾ, ਸਿਖ ਇਕ ਵਖਰੀ ਕੌਮ ਦਾ ਸੰਕਲਪ, ਭਾਰਤੀ ਧਰਮ–ਚੇਤਨਾ ਤੇ ਗੁਰਮਤਿ ਫਲਸਫਾ, ਸਿਖ ਇਤਿਹਾਸ ਸੰਪੂਰਨ ਕੌਮ ਦਾ ਇਤਿਹਾਸ, ਸਿਖ ਇਕ ਵਿਲੱਖਣ ਕੌਮ ਹੈ, ਜਬ ਲਗ ਖਾਲਸਾ ਰਹੇ ਨਿਆਰਾ, ਖਾਲਸੇ ਦੀ ਵਿਲੱਖਣਤਾ, ਸਿਖ ਸਭਿਆਚਾਰ ਦੀ ਵਿਲੱਖਣਤਾ, ਸਿਖ ਨਿਰਸੰਦੇਹ ਇਕ ਕੌਮ ਹਨ, ਸਰਵੋਤਮ ਧਰਮ—ਖਾਲਸਾ ਪੰਥ, ਖਾਲਸਈ ਹਲੇਮੀ ਰਾਜ ਹੋ ਕੇ ਰਹੇਗਾ, ਖਾਲਸਾ ਜੀ ਕੇ ਬੋਲ ਬਾਲੇ।

ਸਿਖ ਕੌਮ ਦੀ ਵਿਲੱਖਣਤਾ ਦਰਸਾਉਣ ਲਈ
ਇਹ ਲਾ–ਜਵਾਬ ਪੁਸਤਕ ਹੈ।

# ਮੁਢਲੇ ਸ਼ਬਦ

'ਰਾਗਮਾਲਾ' ਦੇ ਗੁਰਬਾਣੀ ਦਾ ਭਾਗ ਹੋਣ ਜਾਂ ਨਾ ਹੋਣ ਬਾਰੇ ਵਿਦਵਾਨਾਂ ਵਿਚ ਵਿਚਾਰਾਂ ਦਾ ਵਖੇਵਾਂ ਹੈ। ਪਰਸਪਰ ਵਿਰੋਧੀ ਵਿਚਾਰ-ਧਾਰਾ ਵਾਲੀਆਂ ਦੋਵੇਂ ਧਿਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸ਼ਰਧਾ ਭਾਵਨਾ ਰਖਣ ਵਾਲੀਆਂ ਹਨ ਅਤੇ ਦੋਹਾਂ ਧਿਰਾਂ ਦਾ ਨਿਸ਼ਾਨਾ ਗੁਰਬਾਣੀ ਦੀ ਨਿਰੋਲਤਾ ਅਥਵਾ ਅਖੰਡਤਾ ਨੂੰ ਕਾਇਮ ਦਾਇਮ ਰਖਣਾ ਹੈ, ਕੇਵਲ ਦੋਹਾਂ ਧਿਰਾਂ ਦਾ ਦ੍ਰਿਸ਼ਟੀਕੋਣ ਵਖਰਾ ਵਖਰਾ ਹੈ।

ਵਿਚਾਰਾਂ ਦਾ ਵਖੇਵਾਂ ਹੋਣਾ ਮਾੜੀ ਗੱਲ ਨਹੀਂ, ਸਗੋਂ ਇਕ ਤਰ੍ਹਾਂ ਨਾਲ ਚੰਗੀ ਗੱਲ ਹੈ, ਕਿਉਂਕਿ ਇਸ ਸਦਕਾ ਨਰੋਈ ਵਿਚਾਰ-ਧਾਰਾ ਉਗਮਦੀ ਹੈ। ਪਰ ਇਹ ਕੁਝ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਹਰੇਕ ਧਿਰ ਆਪੋ ਆਪਣਾ ਪੱਖ ਧੀਰਜ, ਸ਼ਾਂਤੀ, ਸਹਿਨਸ਼ੀਲਤਾ, ਦਿਆਨਤ-ਦਾਰੀ ਤੇ ਭ੍ਰੈ-ਭਾਵਨੀ ਨਾਲ ਪੇਸ਼ ਕਰੇ ਅਤੇ ਦੂਜੀ ਧਿਰ ਦਾ ਵਿਚਾਰ ਵੀ ਸਦ-ਭਾਵਨਾ ਤੇ ਖੁਲ੍ਹੇ ਹਿਰਦੇ (open mind) ਨਾਲ ਸੁਣੇ ਅਤੇ ਬਿਬੇਕ ਬੁਧ ਦੀ ਰੋਸ਼ਨੀ ਵਿਚ ਗਹੁ ਨਾਲ ਵਿਚਾਰ ਕੇ ਨਿਰਪੱਖ ਨਿਰਣਾ ਲਵੇ। ਹਠ-ਧਰਮੀ ਵਾਲੀ ਕੱਟੜਤਾ ਨਿਰੋਈ ਵਿਚਾਰ-ਧਾਰਾ ਦੀ ਬਾਧਕ ਹੁੰਦੀ ਹੈ। ਅਜਿਹੀ ਭਾਵਨਾ ਅਧੀਨ ਕੀਤੀ ਵਿਚਾਰ ਵਿਚੋਂ ਕੁੜੱਤਣ ਨਿਕਲਦੀ ਹੈ ਅਤੇ ਵਿਰੋਧੀ ਗੰਢਾਂ ਸਗੋਂ ਪੀਡੀਆਂ ਹੁੰਦੀਆਂ ਹਨ।

ਆਪਣੀ ਵਿਚਾਰਧਾਰਾ ਦੇ ਪ੍ਰਗਟਾਅ ਵਿਚ ਈਮਾਨਦਾਰ ਹੋਣਾ ਇਕ ਖ਼ੂਬੀ ਹੈ, ਪਰ ਹਰ ਵਿਰੋਧੀ ਵਿਚਾਰ-ਧਾਰਾ ਰਖਣ ਵਾਲੇ ਦੀ ਨੀਯਤ ਤੇ ਸ਼ੱਕ ਕਰਨਾ ਬਜਰ ਦੋਖ ਹੈ। ਧਾਰਮਿਕ ਨਿਸਚਾ ਰਖਣ ਵਾਲੀਆਂ ਧਿਰਾਂ ਨੂੰ ਕਿਸੇ ਧਾਰਮਿਕ ਮਸਲੇ ਸੰਬੰਧੀ ਵਿਚਾਰ-ਵਟਾਂਦਰਾ ਕਰਦਿਆਂ ਪਰਸਪਰ ਪਿਆਰ, ਸਤਿਕਾਰ ਅਤੇ ਸਦ-ਭਾਵਨਾ ਦਾ ਪੱਲਾ ਕਦੇ ਨਹੀਂ ਛਡਣਾ ਚਾਹੀਦਾ। ਪਰਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ ਸਪੂਤ ਅਥਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਰਧਾਲੂ ਇਕ ਦੂਜੇ ਦੀ ਨੀਯਤ ਤੇ ਸ਼ਕ ਕਰ ਕੇ, ਇਕ ਦੂਜੇ ਵਿਰੁਧ ਭੰਡੀ-ਪ੍ਰਚਾਰ ਕਰ ਕੇ ਅਜਾਈਂ ਆਪਣੇ ਸਿਰ ਤੇ ਬਜਰ ਭਾਰ ਉਠਾਂਦੇ ਅਤੇ ਸੰਸਾਰ ਮੂਹਰੇ ਕੌਮ ਦੀ ਪੋਜ਼ੀਸ਼ਨ ਹਾਸੋ-ਹੀਣੀ ਕਰਦੇ ਸ਼ੋਭਦੇ ਨਹੀਂ। ਇਸ ਸੰਬੰਧ ਵਿਚ ਗੁਰਬਾਣੀ ਸਾਨੂੰ ਸੇਧ ਬਖ਼ਸ਼ਦੀ ਹੈ :—

ਖੋਜੀ ਉਪਜੈ ਬਾਦੀ ਬਿਨਸੈ...॥ (੧੨੫੫)

ਹੱਥਲੇ ਛੋਟੇ ਜਿਹੇ ਟ੍ਰੈਕਟ ਵਿਚ ਪ੍ਰਕਾਸ਼ਕਾਂ ਵਲੋਂ ਇਸ ਵਿਸ਼ੇ ਪ੍ਰਤੀ ਪਾਠਕਾਂ ਦੇ ਗਿਆਨ-ਵਿਗਿਆਨ ਵਿਚ ਵਾਧਾ ਕਰਨ ਲਈ 'ਰਾਗ-ਮਾਲਾ' ਦੀ ਅਸਲੀਅਤ ਸੰਬੰਧੀ ਅੱਧੀ ਦਰਜਨ ਵਿਦਵਾਨਾਂ ਦੇ ਲੇਖ ਦਿਤੇ ਜਾ ਰਹੇ ਹਨ। ਵਿਚਾਰਾਂ ਦਾ ਤੱਤ-ਸਾਰ ਇਸ ਪ੍ਰਕਾਰ ਹੈ :—

(੧) ਮੁੰਦਾਵਣੀ ਤੋਂ ਮਗਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਛਾਪੇ ਦੀਆਂ ਬੀੜਾਂ ਵਿਚ 'ਰਾਗ-ਮਾਲਾ' ਸਿਰਲੇਖ ਥਲੇ ਅੰਕਤ ਰਚਨਾ ਗੁਰਬਾਣੀ ਦਾ ਭਾਗ ਨਹੀਂ, ਕਿਉਂਜੁ ਇਸ ਦਾ ਰਚਨਹਾਰ ਅਕਬਰ ਦਾ ਸਮਕਾਲੀ ਆਲਮ ਕਵੀ ਹੈ। ਆਲਮ ਕਵੀ ਦੀ ਪੁਸਤਕ "ਮਾਧਵਾਨਲ ਕਥਾ" ਦੇ ਕੁਲ ੩੫੩ ਬੰਦ ਹਨ ਅਤੇ ਵਿਚਾਰ-ਅਧੀਨ (ਰਾਗ-ਮਾਲਾ) ਉਸਦੇ ਛੰਦ ਨੰ: ੬੨ ਤੋਂ ੭੨ ਦਾ ਸੰਗ੍ਰਹਿ ਹੈ, ਜਿਸ ਵਿਚ ਕਸ਼ਮੀਰ ਦੀ 'ਕਾਮ ਕੰਦਲਾ' ਨਾਂ ਦੀ ਇਕ ਗਾਇਕਾ ਨਾਚੀ (ਨਚਣ ਵਾਲੀ) ਦੀ ਗਾਇਨ-ਪ੍ਰਬੀਨਤਾ ਦਾ ਵਰਨਣ ਹੈ।

ਇਸ ਲਿਖਤ ਵਿਚ ਆਏ ਪੜਨਾਂਵ 'ਵੈ' ਤੇ 'ਉਨਿ' ਅਤੇ

'ਕਰਈ', 'ਉਚਰਈ', 'ਸੁਨਾਵਹਿ', 'ਅਲਾਪਹਿ' 'ਗਾਵਹਿ', ਆਦਿ ਕਿਰਿਆਵਾਂ ਕਾਮ ਕੰਦਲਾ ਅਤੇ ਉਸ ਦੀ ਨਾਚ-ਮੰਡਲੀ ਵਲ ਹੀ ਸੰਕੇਤ ਕਰਦੀਆਂ ਹਨ, ਜਿਨ੍ਹਾਂ ਨਾਲ ਇਹ ਰਚਨਾ ਸੰਬੰਧਤ ਹੈ।

ਇਸ ਲਿਖਤ ਵਿਚ ਆਈ ਪੰਗਤੀ "ਅਸਟ ਪੁਤ੍ਰ ਭੈਰਵ ਕੇ ਗਾਵਹਿ ਗਾਇਨ ਪਾਤ੍ਰ" ਵਿਚ 'ਪਾਤ੍ਰ' ਸ਼ਬਦ ਵੀ ਵੇਸ਼ਵਾ 'ਕਾਮ ਕੰਦਲਾ' ਤੇ ਉਸਦੀ ਨਾਚ-ਮੰਡਲੀ ਵਲ ਹੀ ਸੰਕੇਤ ਕਰਦਾ ਹੈ, ਜਿਸ ਦੀ ਪ੍ਰੋੜ੍ਹਤਾ 'ਮਾਧਵ ਕਥਾਵਾਂ' ਵਿਚ ਹੋਰਥੇ ਆਈਆਂ ਸਤਰਾਂ ਤੋਂ ਹੋ ਜਾਂਦੀ ਹੈ। (ਦੇਖੋ ਪੰਨਾ ੨੫-੨੬)

(੨) 'ਮਾਧਵਾਨਲ ਕਥਾ' ਨਾਮੀ ਪ੍ਰੇਮ-ਕਥਾ ਦਾ ਲਿਖਣ-ਸਮਾਂ ੯੯੧ ਹਿਜਰੀ, ੧੬੪੦ ਬਿਕਰਮੀ ਅਥਵਾ ੧੫੮੩ ਈਸਵੀ ਹੈ, ਜਿਸ ਦੀ ਗਵਾਹੀ ਇਸੇ ਪੁਸਤਕ ਵਿਚੋਂ ਮਿਲਦੀ ਹੈ। (ਦੇਖੋ ਪੰਨਾ ੧੪)

ਇਸ ਸੂਚਨਾ ਅਨੁਸਾਰ 'ਰਾਗ ਮਾਲਾ' ਸਮੇਤ ਇਸ ਪ੍ਰੇਮ-ਕਿੱਸੇ ਦਾ ਲਿਖਣ-ਸਮਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਬੱਝਣ ਤੋਂ ੨੧ ਸਾਲ ਪਹਿਲਾਂ ਦਾ ਸਿਧ ਹੁੰਦਾ ਹੈ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਦੀ ਸੰਪੂਰਨਤਾ ਦਾ ਸੰਮਤ ੧੬੬੧ ਬਿ: ਹੈ।

(੩) ਰਾਗ ਮਾਲਾ ਵਿਚ ਵਰਣਿਤ ਰਾਗਾਂ ਦੀ ਤਰਤੀਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਰਾਗਾਂ ਦੀ ਤਰਤੀਬ ਨਾਲ ਨਹੀਂ ਮਿਲਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਹਿਲਾ ਰਾਗ ਸਿਰੀਰਾਗ ਹੈ, ਪਰ ਰਾਗਮਾਲਾ ਵਿਚ ਭੈਰਉ ਰਾਗ ਨੂੰ ਪਹਿਲ ਦਿਤੀ ਹੋਈ ਹੈ।

(੪) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਰਾਗਾਂ ਵਿਚੋਂ ਮਾਝ, ਬਿਹਾਗੜਾ, ਵਡਹੰਸ, ਜੈਤਸਰੀ, ਰਾਮਕਲੀ, ਮਾਲੀ ਗਉੜਾ, ਤੁਖਾਰੀ, ਪ੍ਰਭਾਤੀ, ਤੇ ਜੈਜਾਵੰਤੀ ਰਾਗ-ਮਾਲਾ ਵਿਚ ਨਹੀਂ

ਮਿਲਦੇ ਅਤੇ ਰਾਗ-ਮਾਲਾ ਵਿਚ ਵਰਣਿਤ ਮਾਲਕਉਸਕ, ਹਿੰਡੋਲ, ਦੀਪਕ, ਮੇਘ, ਆਦਿ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਆਏ।

ਇਸ ਅੰਤਰੇ ਦੇ ਅਧਾਰ ਤੇ ਇਹ ਕਥਨ ਨਿਰਮੂਲ ਸਿੱਧ ਹੋ ਜਾਂਦਾ ਹੈ ਕਿ 'ਰਾਗਮਾਲਾ' ਰਚਨਾ ਸ੍ਰੀ ਗੁਰੂ ਗ੍ਰੰਥ ਵਿਚ ਆਏ ਰਾਗਾਂ ਦੀ ਮਾਲਾ ਹੈ।

(੫) ਰਾਗ-ਮਾਲਾ ਦੇ ਹਰੇਕ ਪਦੇ ਮਗਰੋਂ ਅੰਕ ॥੧॥ ਅੰਕਿਤ ਹੈ ਅਤੇ ਸਾਰੇ ਪਦਿਆਂ ਦੇ ਅੰਤ ਵਿਚ ਸਮੁੱਚਾ ਜੋੜ ਵੀ ॥੧॥ ਹੀ ਹੈ। ਇਹ ਅੰਕ-ਵਿਉਂਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਕ-ਵਿਧਾਨ ਅਨਕੂਲ ਨਹੀਂ।

ਏਥੇ ਇਹ ਗੱਲ ਚੇਤੇ ਰਖਣ ਵਾਲੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਲੱਖਣ ਅੰਕ-ਵਿਧਾਨ ਅਨੁਸਾਰ ਹਰੇਕ ਸ਼ਬਦ ਵਿਚ ਆਏ ਸਾਰੇ ਪਦਿਆਂ ਦਾ ਵਖਰਾ ਵਖਰਾ ਅੰਕ ਹੁੰਦਾ ਹੈ। ਸ਼ਬਦਾਂ ਦੇ ਅੰਤ ਵਿਚ ਉਸ ਦੇ ਪਦਿਆਂ ਦੇ ਜੋੜ ਦਾ ਅੰਕ ਹੁੰਦਾ ਹੈ ਅਤੇ ਸੰਬੰਧਤ 'ਮਹਲੇ' ਦੇ ਸੰਬੰਧਤ 'ਘਰ' ਦੇ ਪਿਛੇ ਆਏ ਸ਼ਬਦਾਂ ਸਣੇ ਸਮੁੱਚੇ ਜੋੜ ਦਾ ਅੰਕ ਹੁੰਦਾ ਹੈ।

(੬) 'ਰਾਗ-ਮਾਲਾ' 'ਸਿਰਲੇਖ' ਤੋਂ ਇਸ ਦੇ ਗੁਰੂ-ਰਚਨਾ ਹੋਣ ਦਾ ਕੋਈ ਸੰਕੇਤ ਨਹੀਂ ਮਿਲਦਾ। ਫਿਰ ਇਸ ਸਮੁਚੀ ਰਚਨਾ ਵਿਚ 'ਨਾਨਕ' ਪਦ ਦੀ ਅਣਹੋਂਦ ਵੀ ਸਿਧ ਕਰਦੀ ਹੈ ਕਿ ਇਹ ਗੁਰਬਾਣੀ ਨਹੀਂ।

(੭) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਦੇ ਅੰਤ ਵਿਚ 'ਮੁੰਦਾਵਣੀ' ਹੈ। ਮੁੰਦਾਵਣੀ ਪਦ 'ਮੁੰਦ' ਧਾਤੂ ਤੋਂ ਬਣਿਆ ਹੋਇਆ ਹੈ, ਜਿਸ ਦਾ ਪਦ-ਅਰਥ ਹੈ 'ਮੁਹਰ-ਛਾਪ', ਭਾਵ, ਸਮਾਪਤੀ ਦੀ ਮੁਹਰ। ਸਪਸ਼ਟ ਹੈ ਕਿ ਮੁੰਦਾਵਣੀ ਸਿਰਲੇਖ ਥਲੇ ਗੁਰ-ਸ਼ਬਦਾਂ ਉਤੇ ਗੁਰਬਾਣੀ ਮੁੰਦੀ ਗਈ। ਇਸ ਅਨੁਸਾਰ ਇਸ ਤੋਂ ਮਗਰੋਂ ਅੰਕਤ ਕੋਈ ਰਚਨਾ ਗੁਰਬਾਣੀ ਦਾ ਭਾਗ

ਕਿਵੇਂ ਮੰਨੀ ਜਾ ਸਕਦੀ ਹੈ ?

(੮) ਕਈ ਹੱਥ-ਲਿਖਤ ਬੀੜਾਂ ਦੇ ਅੰਤ ਵਿਚ ਅੰਕਤ ਵਾਧੂ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ :-

(੧) ਸਲੋਕ ਮਹਲਾ ੧, ਜਿਤ ਦਰ ਲਖ ਮੁਹਮਦਾ।

(੨) ਸਲੋਕ ਮਹਲਾ ੧, ਬਾਇ ਆਤਿਸ਼ ਆਬ।

(੩) ਰਾਗ ਰਾਮਕਲੀ ਰਤਨ ਮਾਲਾ।

(੪) ਹਕੀਕਤ ਰਾਹ ਮੁਕਾਮ ਰਾਜੇ ਸਿਵਨਾਭ ਕੀ।

(੫) ਰਾਗਮਾਲਾ।

ਨੋਟ :-

[ਕਈ ਬੀੜਾਂ ਵਿਚ ਇਸ ਤੋਂ ਮਗਰੋਂ 'ਸਿਆਹੀ ਕੀ ਬਿਧਿ' ਅਤੇ ਕਈਆਂ ਵਿਚ 'ਚਲਿਤ੍ਰ ਜੋਤੀ ਜੋਤਿ ਸਮਾਵਨੇ ਕੇ' ਆਦਿ ਵੀ ਹਨ।]

ਜਿਹਾ ਕਿ ਉਪ੍ਰੋਕਤ ਵੇਰਵੇ ਤੋਂ ਪ੍ਰਗਟ ਹੈ, ਹੱਥ-ਲਿਖਤ ਬੀੜਾਂ ਵਿਚ ਵਾਧੂ ਰਚਨਾਵਾਂ ਵਿਚੋਂ 'ਰਾਗਮਾਲਾ' ਸਾਰੀਆਂ ਦੇ ਅੰਤ ਵਿਚ ਹੈ। ਕੋਈ ਹੱਥ-ਲਿਖਤ ਅਜਿਹੀ ਬੀੜ ਨਹੀਂ, ਜਿਸ ਵਿਚ 'ਰਾਗ ਮਾਲਾ' ਵਾਧੂ ਰਚਨਾਵਾਂ ਦੇ ਮੁਢ ਵਿਚ ਹੋਵੇ, ਸਾਰੀਆਂ ਵਿਚ ਅੰਤਲੇ ਨੰਬਰ ਤੇ ਹੀ ਹੈ। ਸੁਤੇ ਹੀ ਸਵਾਲ ਪੈਦਾ ਹੁੰਦਾ ਹੈ ਕਿ ਜਦ ਵਾਧੂ ਰਚਨਾਵਾਂ ਵਿਚੋਂ ਪਹਿਲੇ, ਦੂਜੇ, ਤੀਜੇ, ਚੌਥੇ ਨੰਬਰ ਦੀਆਂ ਰਚਨਾਵਾਂ ਨੂੰ ਗੁਰਬਾਣੀ ਦਾ ਭਾਗ ਨਹੀਂ ਮੰਨਿਆ ਜਾਂਦਾ ਤਾਂ ਛੇਕੜਲੀ ਰਚਨਾ ਬਾਰੇ ਅੜਿੱਕਾ ਕਿਉਂ ?

ਏਥੇ ਇਹ ਵਰਨਣ ਕਰਨਾ ਵੀ ਕੁ-ਥਾਂ ਨਹੀਂ ਹੋਵੇਗਾ ਕਿ ਕਈ ਹੱਥ-ਲਿਖਤ ਬੀੜਾਂ ਦੇ ਅਰੰਭ ਦੇ ਪਤਰਿਆਂ ਤੇ, ਅਤੇ ਕਈ ਬੀੜਾਂ ਦੇ ਅੰਦਰ ਵੀ ਵਾਧੂ ਰਚਨਾਵਾਂ ਅੰਕਤ ਮਿਲਦੀਆਂ ਹਨ। ਪਰ ਉਹਨਾਂ ਬਾਰੇ ਹੁਣ ਐਸ ਵੇਲੇ ਕੋਈ ਵਾਦ-ਵਿਵਾਦ ਨਹੀਂ, ਕਿਉਂਕਿ ਉਹਨਾਂ

ਦੇ ਬਾਣੀ ਦਾ ਭਾਗ ਨਾ ਹੋਣ ਬਾਰੇ ਹੁਣ ਪੰਥ ਵਿੱਚ ਸਰਬ-ਸੰਮਤੀ ਹੋ ਗਈ ਹੋਈ ਹੈ।

'ਰਾਗਮਾਲਾ' ਦੇ ਪੱਖੀ ਵੀਰ ਰਾਗਮਾਲਾ ਦਾ ਪੱਖ ਪੂਰਦੇ ਕਈ ਵਾਰੀ ਸਾਰੇ ਹਦ ਬੰਨੇ ਟਪ ਜਾਂਦੇ ਹਨ। ਉਹਨਾਂ ਵਲੋਂ ਕਿਹਾ ਜਾਂਦਾ ਹੈ ਕਿ ਜਦੋਂ ਬੀੜ ਦੀ ਸੰਪੂਰਨਤਾ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੁੰਦਾਵਣੀ ਲਿਖਵਾ ਦਿਤੀ ਤਾਂ ਕੁਝ ਸਿਖਾਂ ਨੇ ਬੇਨਤੀ ਕੀਤੀ ਕਿ ਮਹਾਰਾਜ, ਕੋਈ ਐਸੀ ਪ੍ਰੇਮ-ਮਾਲਾ ਬਖਸ਼ੋ ਜਿਸ ਰਾਹੀਂ ਚੁਰਾਸੀ ਤੋਂ ਖਲਾਸੀ ਮਿਲੇ, ਤਾਂ ਉਹਨਾਂ ਦੀ ਬੇਨਤੀ ਨੂੰ ਸਵੀਕਾਰ ਕਰ ਕੇ ਸਤਿਗੁਰਾਂ ਨੇ ਰਾਗਮਾਲਾ ਦੀ ਰਚਨਾ ਕੀਤੀ।

ਸਵਾਲ ਪੈਦਾ ਹੁੰਦਾ ਹੈ ਕਿ ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੱਗਰ ਬਾਣੀ ਜੀਵਾਂ ਦੀ ਚੁਰਾਸੀ ਕਟਣ ਦੇ ਸਮਰੱਥ ਨਹੀਂ ? ਜੇ ਹੈ ਤਾਂ ਇਸ ਦੇ ਹੁੰਦਿਆਂ ਕਿਸੇ ਹੋਰ ਪ੍ਰੇਮ-ਮਾਲਾ ਦੀ ਗੁਰਸਿਖਾਂ ਨੂੰ ਕਿਉਂ ਲੋੜ ਭਾਸੀ ?

ਜੇ ਰਤਾ ਗਹੁ ਨਾਲ ਵਿਚਾਰ ਕਰੀਏ ਕਿ ਕੀ ਰਾਗਮਾਲਾ ਦਾ ਪੱਖ ਪੂਰਨ ਕਰਨ ਦੇ ਲੋਰ ਵਿਚ ਇਹ ਅਸਿਧੇ ਤਰੀਕੇ ਨਾਲ ਗੁਰਬਾਣੀ ਦੀ ਨਿਰਾਦਰੀ ਨਹੀਂ ?

ਰਾਗਮਾਲਾ ਦਾ ਪੱਖ ਪੂਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਖੰਡਤਾ ਦਾ ਬਾਰ ਬਾਰ ਜ਼ਿਕਰ ਕੀਤਾ ਜਾਂਦਾ ਹੈ। ਜਿਥੋਂ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਖੰਡਤਾ ਦਾ ਸੰਬੰਧ ਹੈ, ਦੋਵੇਂ ਧਿਰਾਂ ਇਸ ਦੀਆਂ ਮੁਦੱਈ ਹਨ। ਇਕ ਧਿਰ ਦਾ ਦਾਅਵਾ ਹੈ ਕਿ ਇਸ ਨੂੰ ਕਢਣ ਨਾਲ ਖੰਡਤਾਈ ਹੁੰਦੀ ਹੈ, ਜਦ ਕਿ ਦੂਜੀ ਧਿਰ ਦਾ ਕਥਨ ਹੈ ਕਿ ਇਕ ਵੇਸ਼ਵਾ ਦੇ ਗੀਤ-ਨਾਦ ਨਾਲ ਸੰਬੰਧਤ ਇਸ ਰਚਨਾ ਨੂੰ ਗੁਰਬਾਣੀ ਨਾਲ ਗਡ-ਵਡ ਕਰਨਾ ਗੁਰਬਾਣੀ ਦੀ ਖੰਡਤਾਈ ਹੈ।

ਕਿਸੇ ਵੀ ਧਿਰ ਨੂੰ ਇਸ ਅਖੰਡਤਾ ਦੇ ਨੁਕਤੇ ਨੂੰ ਦੂਜੀ ਧਿਰ ਦੇ ਵਿਰੁਧ ਉਛਾਲ ਕੇ ਪੇਸ਼ ਕਰਨ ਤੋਂ ਸੰਕੋਚ ਕਰਨਾ ਚਾਹੀਦਾ ਹੈ, ਕਿਉਂਕਿ ਜੇ ਰਾਗਮਾਲਾ ਦੇ ਪੱਖੀ ਸਜਣ ਆਪਣੇ ਆਪ ਨੂੰ ਗੁਰਬਾਣੀ ਦਾ ਸ਼ਰਧਾਲੂ ਸਮਝਦੇ ਹਨ ਤਾਂ ਦੂਜੇ ਪਾਸੇ ਰਾਗਮਾਲਾ ਨੂੰ ਵਾਧੂ ਰਚਨਾ ਜਾਣ ਕੇ ਨਾ ਪੜ੍ਹਨ ਵਾਲਿਆਂ ਵਿਚ ਵੀ ਮੰਨੇ-ਪ੍ਰਮੰਨੇ ਵਿਦਵਾਨਾਂ ਤੋਂ ਛੁਟ ਅਜਿਹੇ ਆਤਮ-ਰਸੀਏ ਗੁਰਸਿਖ ਵੀ ਹਨ ਜਿਨ੍ਹਾਂ ਨੇ ਜੀਵਨ ਪ੍ਰਯੰਤ ਮਨ ਬਚ ਕਰਮ ਕਰਕੇ ਗੁਰਬਾਣੀ ਨੂੰ ਆਪਣਾ ਜੀਵਨ-ਅਧਾਰ ਬਣਾਇਆ ਹੋਇਆ ਹੈ।

ਸੋ ਸਾਰੇ ਗੁਰਸਿਖਾਂ ਨੂੰ ਇਹੀ ਸ਼ੋਭਦਾ ਹੈ ਕਿ ਇਸ ਵਿਸ਼ੇ ਤੇ ਪਿਆਰ ਨਾਲ ਵਿਚਾਰ ਕੀਤੀ ਜਾਵੇ। ਇਸ ਇਕ ਵਖੇਵੇਂ ਦੇ ਅਧਾਰ ਤੇ ਪਰਸਪਰ ਪਿਆਰ ਸਤਿਕਾਰ ਵਿਚ ਤ੍ਰੇੜ ਨਾ ਪੈਣ ਦਿਤੀ ਜਾਵੇ, ਸਗੋਂ ਬਾਕੀ ਸਾਂਝਾਂ (ਗੁਰੂ ਦੀ, ਗੁਰਬਾਣੀ ਦੀ, ਗੁਰਮੰਤ੍ਰ ਦੀ, ਅੰਮ੍ਰਿਤ ਦੀ, ਮਾਂ ਦੀ, ਪਿਉ ਦੀ ਅਤੇ ਹੋਰ ਅਣਗਿਣਤ ਸਾਂਝਾਂ) ਦੇ ਅਧਾਰ ਤੇ ਪਿਆਰ-ਗੰਢਾਂ ਪੀਢੀਆਂ ਕੀਤੀਆਂ ਜਾਣ। ਇੰਜ ਗੁਰੂ ਪਿਤਾ ਦੀ ਪ੍ਰਸੰਨਤਾ ਅਵੱਸ਼ ਮਿਲੇਗੀ।

ਸਿੱਖੀ ਦਾ ਸਵਾਦ ਤਾਂ ਓਦੋਂ ਹੀ ਹੈ ਜਦ ਦੋ ਵਿਰੋਧੀ ਵਿਚਾਰ-ਧਾਰਾ ਵਾਲੇ ਗੁਰਸਿਖ ਵਿਚਾਰਾਂ ਦਾ ਵਖੇਵਾਂ ਹੁੰਦਿਆਂ ਹੋਇਆਂ ਇਕ ਦੂਜੇ ਨੂੰ ਪਿਆਰ-ਗਲਵਕੜੀ ਵਿਚ ਲੈ ਕੇ ਗਾਉਂਦੇ ਹੋਣ :—

ਆਇ ਮਿਲੁ ਗੁਰਸਿਖ ਆਇ ਮਿਲੁ
ਤੂ ਮੇਰੇ ਗੁਰੂ ਕੇ ਪਿਆਰੇ ॥ (੭੨੫)

'ਸੂਰਾ' ਪਰਵਾਰ

# ਮਹਾਨ ਕੋਸ਼ ਵਿਚ ਇੰਦਰਾਜ

ਮਹਾਨ ਕੋਸ਼ (ਦੂਜੀ ਛਾਪ) ਵਿਚ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਰਾਗਮਾਲਾ ਨਾਲ ਸੰਬੰਧਤ ਹੇਠ ਲਿਖੇ ਇੰਦਰਾਜ ਕੀਤੇ ਹਨ–

(੧) **ਮੁੰਦਾਵਣੀ**–ਮੁਦ੍ਰਣ (ਮੁਹਰ-ਛਾਪ ਲਾਉਣ) ਦੀ ਕ੍ਰਿਯਾ...... "ਮੁੰਦਾਵਣੀ ਮ: ੫" ਸਰਲੇਖ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਭੋਗ ਪੁਰ ਪਾਣ ਹੈ, ਜਿਸ ਦਾ ਭਾਵ ਅੰਤਿਮ ਮੁਹਰ-ਛਾਪ ਹੈ। ਸਮਾਪਤੀ ਪੁਰ ਮੁਦ੍ਰਣ ਕਰ ਕੇ ਇਹ ਉਪਦੇਸ਼ ਹੈ ਕਿ ਇਥੇ ਧਰਮਗ੍ਰੰਥ ਦੇ ਪਾਠ ਦਾ ਭੋਗ ਹੈ। (ਪੰਨਾ ੭੩੮)

(੨) **ਮਾਧਵਨਲ**–ਮਾਧਵਨਲ, ਕਾਮਕੰਦਲਾ ਦਾ ਪ੍ਰੇਮੀ, ਸੰਗੀਤ ਵਿਦਯਾ ਦਾ ਪੰਡਿਤ ਇਕ ਬ੍ਰਾਹਮਣ। (ਪੰਨਾ ੭੨੧)

(੩) **ਮਾਧਵਨਲ ਸੰਗੀਤ**–ਮਾਧਵਾਨਲ ਗਵੈਯੇ ਦਾ ਬਣਾਇਆ ਇਕ ਸੰਗੀਤ ਸ਼ਾਸਤ੍ਰ, ਜਿਸ ਦਾ ਅਨੁਵਾਦ ਆਲਮ ਕਵੀ ਨੇ ਹਿੰਦੀ ਭਾਸ਼ਾ ਵਿਚ ਕੀਤਾ ਹੈ। ਰਾਗਮਾਲਾ ਇਸੇ ਗ੍ਰੰਥ ਦਾ ਇਕ ਪਾਠ ਹੈ। (ਪੰਨਾ ੭੨੧)

(੪) **ਆਲਮ**–ਫ਼ਾਰਸੀ ਅਤੇ ਹਿੰਦੀ ਦਾ ਇਕ ਪ੍ਰਸਿੱਧ ਕਵੀ, ਜਿਸ ਨੇ ਸੰਨ ੯੯੧ ਹਿਜਰੀ ਵਿਚ ਮਾਧਵਾਨਲ ਸੰਗੀਤ ਦਾ ਬ੍ਰਿਜ ਭਾਸ਼ਾ ਵਿਚ ਉਲਥਾ (ਅਨੁਵਾਦ) ਕੀਤਾ ਹੈ। ਰਾਗਮਾਲਾ ਇਸੇ ਗ੍ਰੰਥ ਦਾ ਇਕ ਹਿੱਸਾ ਹੈ। (ਪੰਨਾ ੭੯)

(੫) **ਕਾਮਕੰਦਲਾ**–ਇਕ ਵੇਸ਼ਯਾ, ਜੋ ਰਾਗ ਵਿਦਯਾ ਵਿਚ ਵਡੀ ਨਿਪੁਣ ਸੀ। ਇਸ ਨਾਲ ਵਿਦਵਾਨ ਮਾਧਵਾਨਲ ਦਾ ਪ੍ਰੇਮ ਹੋ ਗਿਆ। (ਪੰਨਾ ੨੩੯)

(੬) **ਰਾਗਮਾਲਾ**–ਮਾਧਵਾਨਲ ਸੰਗੀਤ ਦੇ, ਆਲਮ ਕਵਿ ਕ੍ਰਿਤ, ਹਿੰਦੀ ਅਨੁਵਾਦ ਵਿਚੋਂ ੬੩ਵੇਂ ਛੰਦ ਤੋਂ ੭੨ਵੇਂ ਤੀਕ ਦਾ ਪਾਠ, ਜਿਸ ਵਿਚ ਛੀ ਰਾਗ, ਉਨ੍ਹਾਂ ਦੀਆਂ ਪੰਜ ਪੰਜ ਰਾਗਿਣੀਆਂ ਅਤੇ ਅੱਠ ਅੱਠ ਪੁਤ੍ਰ ਦੱਸੇ ਹਨ। (ਪੰਨਾ ੭੭੦)

# ਗੁਰੂ ਗ੍ਰੰਥ ਸਾਹਿਬ ਕਾ ਭੋਗ ਸਲੋਕਾਂ ਪਰ ਪਾਵੇ

[ਰਹਿਤਨਾਮਾ ਭਾ: ਚੌਪਾ ਸਿੰਘ

[ਭਾਈ ਕਾਨ੍ਹ ਸਿੰਘ ਜੀ ਨਾਭਾ]

**ਨੋਟ** :–ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਪੁਸਤਕ 'ਗੁਰਮਤਿ ਸੁਧਾਕਰ' ਦਾ ਸੰਗ੍ਰਹਿ ਕੀਤਾ ਹੈ ਅਤੇ ਇਸ ਵਿਚ ਗੁਰਮਤਿ ਰਹਿਤ ਰਹਿਣੀ ਸੰਬੰਧੀ ਦਸਵੇਂ ਪਾਤਸ਼ਾਹ ਜੀ ਦੀ ਬਾਣੀ ਤੋਂ ਲੈ ਕੇ ਰਹਿਤਨਾਮਿਆਂ ਤਕ ਬਚਨ ਅੰਕਿਤ ਕੀਤੇ ਗਏ ਹਨ। ਭਾਈ ਚੌਪਾ ਸਿੰਘ ਜੀ ਦੇ ਰਹਿਤਨਾਮੇ ਵਿਚੋਂ ਇਹ ਬਚਨ ਲਏ ਹਨ ਕਿ "ਗੁਰੂ ਗ੍ਰੰਥ ਸਾਹਿਬ ਦਾ ਭੋਗ ਸਲੋਕਾਂ ਪਰ ਪਾਵੇ।"

ਇਸ ਬਚਨ ਦੀ ਵਿਆਖਿਆ ਪੁਸਤਕ ਦੇ ਫੁਟਨੋਟਾਂ ਵਿਚ ਕਰਦੇ ਹੋਏ ਭਾਈ ਕਾਨ੍ਹ ਸਿੰਘ ਜੀ ਨੇ ਰਾਗਮਾਲਾ ਦੀ ਅਸਲੀਅਤ ਪ੍ਰਗਟਾਈ ਹੈ, ਜੋ ਹੇਠਾਂ ਦਿਤੀ ਜਾ ਰਹੀ ਹੈ।

ਪ੍ਰਕਾਸ਼ਕ

ਭੋਗ ਨੌਵੇਂ ਪਾਤਸ਼ਾਹ ਦੇ ਸਲੋਕਾਂ ਪਰ ਪਾਵੇ। ਮੁੰਦਾਵਣੀ ਦਾ ਇਸ ਲਈ ਜ਼ਿਕਰ ਨਹੀਂ ਕੀਤਾ ਕਿ ਮੁੰਦਾਵਣੀ ਭੋਗ ਦੀ ਮੋਹਰ ਹੈ, ਜਿਸ ਦਾ ਪੜ੍ਹਨਾ ਇਸ ਤਰ੍ਹਾਂ ਜ਼ਰੂਰੀ ਹੈ ਜਿਸ ਤਰ੍ਹਾਂ ਸ਼ਾਹੀ ਫ਼ਰਮਾਨ ਪੜ੍ਹ ਕੇ ਮੋਹਰ ਦੀ ਇਬਾਰਤ ਅਵਸ਼ਜ ਪੜ੍ਹੀ ਜਾਂਦੀ ਹੈ। ਇਸ ਤੋਂ ਛੁੱਟ ਮੁੰਦਾਵਣੀ ਗੁਰੂ ਗ੍ਰੰਥ ਸਾਹਿਬ ਦਾ ਮਹਾਤਮ ਅਤੇ ਅੰਤਮ ਪ੍ਰਾਰਥਨਾ ਹੈ, ਜਿਸ ਦਾ ਪਾਠ ਦੀ ਸਮਾਪਤੀ ਪਰ ਪੜ੍ਹਨਾ ਜ਼ਰੂਰੀ ਹੈ।

ਬਹੁਤ ਲੋਕ ਭੋਗ ਰਾਗਮਾਲਾ ਉਤੇ ਪਾਉਂਦੇ ਹਨ, ਪਰ ਰਾਗਮਾਲਾ ਗੁਰਬਾਣੀ ਨਹੀਂ। ਇਹ ਆਲਮ ਕਵੀ ਨੇ ਬਾਦਸ਼ਾਹ ਅਕਬਰ ਦੇ ਵੇਲੇ ਸੰਨ ੯੯੧ ਹਿਜਰੀ (ਬਿ: ੧੬੪੧) ਵਿਚ ਗੁਰੂ ਗ੍ਰੰਥ ਸਾਹਿਬ ਦੀ ਬੀੜ ਬੱਝਣ ਤੋਂ ਵੀਹ ਵਰ੍ਹੇ ਪਹਿਲਾਂ ਬਣਾਈ ਹੈ, ਜਿਹਾ ਕਿ ਆਲਮ ਦੇ ਸੰਗੀਤ ਤੋਂ ਮਲੂਮ ਹੁੰਦਾ ਹੈ—

"ਸੰਨ ਨੌ ਸੈ ਏਕਾਨਵ ਆਹੀ,
ਕਰੋਂ ਕਥਾ ਅਬ ਬੋਲੋਂ ਤਾਹੀਂ।
ਕਹੌਂ ਬਾਤ ਸੁਨਹੋ ਸਭਿ ਲੋਗਾ,
ਕਰੋਂ ਕਥਾ ਸਿੰਗਾਰ ਵਿਯੋਗਾ।
ਕਾਮੀ ਤਸਿਕ ਪੁਰਸ਼ ਜੋ ਸੁਨਹੀਂ,
ਤੇ ਯਹਿ ਕਥਾ ਰੈਨ ਦਿਨ ਗੁਨਹੀਂ।"

ਸੈਦ ਮੁਹੰਮਦ (ਗੌਸ ਕੁਤਬ ਕਾਦਰੀ) ਦੇ ਚੇਲੇ ਆਲਮ ਕਵੀ ਨੇ ਮਾਧਵਾਨਲ ਅਤੇ ਕਾਮਕੰਦਲਾ ਦਾ ਚਰਿਤ੍ਰ ਭਾਸ਼ਾ ਕਾਵ੍ਯ ਵਿਚ ਲਿਖਿਆ ਹੈ, ਜਿਸ ਦਾ ਨਾਉਂ 'ਮਾਧਵਾਨਲ ਸੰਗੀਤ' ਹੈ। ਇਸ ਗ੍ਰੰਥ ਦੇ ਸਾਰੇ ਛੰਤ ੩ਪ੩ ਹੈਨ। ਰਾਗਮਾਲਾ ੬੩ਵੇਂ ਅੰਗ ਤੋਂ ਲੈ ਕੇ ੭੨ਵੇਂ ਅੰਗ ਉੱਤੇ ਸਮਾਪਤ ਹੋਂਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਲਿਖੀ ਰਾਗਮਾਲਾ ਅਤੇ ਇਸ ਪੁਸਤਕ ਦੀ ਰਾਗਮਾਲਾ ਦੇ ਕੇਵਲ ਇਕ ਦੋ ਪਾਠਾਂ ਵਿਚ ਭੇਦ ਹੈ। ਯਥਾ–

ਲਲਿਤ ਬਿਲਾਵਲ ਗਾਵਹੀ ਅਪੁਨੀ ਅਪੁਨੀ ਭਾਂਤਿ ॥
ਅਸਟ ਪੁਤ੍ਰ ਭੈਰਵ ਕੇ ਗਾਵਹਿ ਗਾਇਨ ਪਾਤ੍ਰ ॥ ਆਦਿ

ਵ੍ਯਾਕਰਣ ਵਿਰੋਧੀ ਸਾਡੇ ਕਈ ਭਾਈ ਰਾਗਮਾਲਾ ਦੇ ਏਹ ਪਾਠ, –'ਪ੍ਰਥਮ ਰਾਗ ਭੈਰਉ ਵੈ ਕਰਹੀ,–ਖਸਟ ਰਾਗ ਉਨਿ ਗਾਏ'–ਦੇਖ ਕੇ ਭੀ ਹਠ ਕਰਦੇ ਹਨ ਕਿ ਰਾਗਮਾਲਾ ਮਾਧਵਾਨਲ ਸੰਗੀਤ ਵਿਚੋਂ ਨਹੀਂ ਲਈ ਗਈ। ਉਹ ਇਤਨਾ ਨਹੀਂ ਸਮਝਦੇ ਕਿ ਰਾਗਮਾਲਾ ਦੀ ਰਚਨਾ ਕਿਸੇ ਉਪਰ ਚਲੇ ਪ੍ਰਸੰਗ ਨਾਲ ਸੰਬੰਧ ਰਖਦੀ ਹੈ, ਔਰ 'ਵੈ' ਤਥਾ 'ਉਨਿ' ਸਰਵਨਾਮਾਂ ਦੇ ਨਾਮ, ਚੱਲੇ ਹੋਏ ਪ੍ਰਕਰਣ ਵਿਚ ਪਹਿਲਾਂ ਆ ਚੁਕੇ ਹਨ।

ਗੁਰਬਾਣੀ ਨਾ ਹੋਣ ਤੋਂ ਭਿੰਨ, ਰਾਗਮਾਲਾ ਗੁਰਮਤ ਵਿਰੁਧ ਹੈ, ਕ੍ਯੋਂਕਿ ਇਸ ਵਿਚ ਕਰਤਾਰ ਦਾ ਨਾਮ, ਭਗਤਿ, ਗ੍ਯਾਨ, ਵੈਰਾਗ ਆਦਿਕ ਦਾ ਜ਼ਿਕਰ ਨਹੀਂ। ਗੁਰੂ ਗ੍ਰੰਥ ਸਾਹਿਬ ਦੇ ਰਾਗ ਸਿਰੀਰਾਗ ਤੋਂ ਆਰੰਭ ਹੁੰਦੇ ਹਨ, ਅਰ ਗੁਰ ਵਾਕ ਹੈ–"ਰਾਗਾ ਵਿਚ ਸ੍ਰੀ ਰਾਗੁ ਹੈ।" ਜਿਸ ਦੀ ਪੁਸ਼ਟੀ ਭਾਈ ਗੁਰਦਾਸ ਜੀ ਕਰਦੇ ਹਨ–"ਰਾਗਨ ਮੇ ਸਿਰੀਰਾਗ।"

ਅਰ ਰਾਗਮਾਲਾ ਭੈਰਵ ਤੋਂ ਰਾਗ ਆਰੰਭ ਕਰਦੀ ਹੈ। ਜੋ ਰਾਗ ਗੁਰੂ ਗ੍ਰੰਥ ਸਾਹਿਬ ਵਿਚ ਹਨ, ਓਹ ਸਾਰੇ ਰਾਗਮਾਲਾ ਵਿਖੇ ਨਹੀਂ, ਅਤੇ ਰਾਗਮਾਲਾ ਦੇ ਸਮਗ੍ਰ ਰਾਗ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ।

ਕਰਤਾਰਪੁਰ ਵਾਲੇ ਗੁਰੂ ਗ੍ਰੰਥ ਸਾਹਿਬ ਦੇ ਤਤਕਰੇ ਵਿਖੇ ਲੇਖ ਹੈ, "ਸਾਰੇ ਪਤ੍ਰੇ ਗੁਰੁ ਬਾਬੇ ਕੇ ੯੭੪।" ਸੋ ਮੁੰਦਾਵਣੀ ੯੭੩ਵੇਂ ਪਤ੍ਰ ਪਰ ਹੈ। ਅਰ ੯੭੪ਵਾਂ ਪਤ੍ਰ ਖਾਲੀ ਹੈ।

ਕਿਸੇ ਸਿਖ ਨੇ ਰਾਗਮਾਲਾ ਉਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਅੰਤ ਵਾਧੂ ਪਤ੍ਰੇ ਉਤੇ ਲਿਖ ਦਿਤੀ ਹੈ, ਜਿਸ ਤਰ੍ਹਾਂ ਭਾਈ ਬੰਨੋ ਨੇ ਸਤਿਗੁਰਾਂ ਦੀ ਆਗਯਾ ਬਿਨਾਂ ਕਈ ਸ਼ਬਦ ਅਤੇ ਸੰਗਲਾਦੀਪ ਦੀ ਸਾਖੀ ਆਦਿਕ ਲਿਖ ਦਿਤੇ ਹਨ, ਅਰ ਕਈਆਂ ਨੇ ਸਿਆਹੀ ਦੀ ਵਿਧਿ ਤਥਾ ਜੋਤੀ ਜੋਤ ਸਮਾਵਨੇ ਦਾ ਚਰਿਤ੍ਰ ਦਰਜ ਕਰ ਦਿਤਾ ਹੈ।

ਕਈ ਅਗਯਾਨੀ ਖਯਾਲ ਕਰਦੇ ਹਨ ਕਿ ਰਾਗਮਾਲਾ ਦਾ ਵਿਰੋਧ ਸਿੰਘ ਸਭਾ ਦੀ ਕਾਯਮੀ ਤੋਂ ਹੋਯਾ ਹੈ, ਪਰ ਇਹ ਅਸਤਯ ਹੈ, ਕਯੋਂਕਿ ਅਨੇਕ ਬਹੁਤ ਪ੍ਰਾਚੀਨ ਗੁਰੂ ਗ੍ਰੰਥ ਸਾਹਿਬ, ਬਾਬਾ ਆਲਾ ਸਿੰਘ ਜੀ ਦੇ ਬੁਰਜ, ਪਟਿਆਲੇ ਅਰ ਸ੍ਰੀ ਅਵਿਚਲ ਨਗਰ ਆਦਿਕ ਗੁਰਦਵਾਰਿਆਂ ਵਿਚ ਮੌਜੂਦ ਹਨ ਜਿਨ੍ਹਾਂ ਵਿਖੇ ਰਾਗਮਾਲਾ ਨਹੀਂ, ਅਰ ਗੁਰੁ ਪ੍ਰਤਾਪ ਸੂਰਯ ਦੇ ਕਰਤਾ ਭਾਈ ਸੰਤੋਖ ਸਿੰਘ ਜੀ ਨੇ ਸਾਲ ੧੯੦੦ (ਬਿਕ੍ਰਮੀ) ਤੋਂ ਪਹਿਲਾਂ ਰਾਗਮਾਲਾ ਵਿਸ਼ਯ ਐਸਾ ਲਿਖਿਆ ਹੈ—

'ਰਾਗਮਾਲਾ ਸਤਿਗੁਰ ਕੀ ਕ੍ਰਿਤ ਨਹਿ,
ਹੈਂ ਮੁੰਦਾਵਣੀ ਲਗ ਗੁਰ ਬੈਨ।
ਇਸ ਮਹਿ ਨਹਿ ਸੰਸੇ ਕਛੁ ਕਰੀਅਹਿ,
ਜੇ ਸੰਸੇ ਅਵਿਲੋਕੋ ਨੈਨ।
ਮਾਧਵਨਲ ਆਲਮ ਕਵਿ ਕੀਨਸ,
ਤਿਸ ਮਹਿ ਨ੍ਰਿਤਕਾਰੀ ਕਹਿ ਤੈਨ।
ਰਾਗ ਰਾਗਨੀ ਨਾਮ ਗਨੇ ਤਿਹ,
ਯਾ ਤੇ ਸ੍ਰੀ ਅਰਜਨ ਕ੍ਰਿਤ ਹੈ ਨ।'੩੯।

[ਰਾਸ ੩, ਅੰਸੂ ੪੭

# ਰਾਗਮਾਲਾ ਨਿਰਣਯ

ਪ੍ਰੋ: ਪਿਆਰਾ ਸਿੰਘ ਜੀ 'ਪਦਮ'
ਸਿਖ ਮਿਸ਼ਨਰੀ ਕਾਲਜ, ਅੰਮ੍ਰਿਤਸਰ

ਜਿਸ ਤਰ੍ਹਾਂ ਸਾਡੇ ਪੰਜਾਬੀ ਸਾਹਿਤ ਵਿਚ ਸੋਹਣੀ ਮਹੀਂਵਾਲ ਤੇ ਮਿਰਜ਼ਾ ਸਾਹਿਬਾਂ ਆਦਿਕ ਦੀਆਂ ਪ੍ਰੇਮ-ਕਹਾਣੀਆਂ ਕਵੀਆਂ ਦੀਆਂ ਸਵਾਦ ਲਾ ਲਾ ਬਿਆਨ ਕੀਤੀਆਂ ਮਿਲਦੀਆਂ ਹਨ, ਇਸੇ ਤਰ੍ਹਾਂ ਪੁਰਾਣੇ ਹਿੰਦੁਸਤਾਨੀ ਸਾਹਿਤ ਵਿਚ 'ਮਾਧਵਾਨਲ ਤੇ ਕਾਮਕੰਦਲਾ' ਦੀ ਕਹਾਣੀ ਕਈਆਂ ਕਵੀਆਂ ਦੀ ਲਿਖੀ ਮਿਲਦੀ ਹੈ। ਕਾਮਕੰਦਲਾ ਸੰਬੰਧੀ ਪੁਰਾਣੇ ਸਾਹਿਤ ਦੇ ਵਿਸ਼ੇਸ਼ ਖੋਜੀ ਪ੍ਰੋ: ਐਮ. ਆਰ. ਮੌਜਮਦਾਰ (ਬੜੋਦਾ ਕਾਲਜ) ਜੀ ਨੇ ਇਕ ਚਿੱਠੀ ਰਾਹੀਂ ਮੈਨੂੰ ਲਿਖਿਆ ਹੈ ਕਿ ਸਭ ਤੋਂ ਪਹਿਲਾਂ ੧੧ਵੀਂ ਯਾ ੧੪ਵੀਂ ਸਦੀ ਵਿਚ ਪੰ: ਅਨੰਦਧਰ ਨੇ 'ਮਾਧਵਾਨਲ ਅਖਿਅਨ' ਨਾਮੀ ਨਸਰ ਤੇ ਨਜ਼ਮ ਮਿਲੀ-ਜੁਲੀ ਸੰਸਕ੍ਰਿਤ ਪੁਸਤਕ ਲਿਖੀ। ਇਸ ਦੇ ਵਿਚ ਵਿਚ ਪ੍ਰਾਕ੍ਰਿਤ ਦੀਆਂ ਪਹੇਲੀਆਂ ਵੀ ਹਨ। ਕਵੀ ਨੇ ਕਹਾਣੀ ਨੂੰ ਮਾਮੂਲੀ ਨਾਟਕੀ ਰੂਪ ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਸ ਤੋਂ ਪਿਛੋਂ ਗੁਜਰਾਤੀ ਕਵੀ ਗਣਿਪਤ ਨੇ, ਜੋ ਕਿ ਆਮੋਦ ਜ਼ਿਲਾ ਬੜੋਚ (ਗੁਜਰਾਤ) ਦਾ ਵਸਨੀਕ ਸੀ, ੧੫੮੪ ਬਿ: ਵਿਚ 'ਮਾਧਵਾਨਲ ਕਾਮਕੰਦਲਾ ਪ੍ਰਬੋਧ' ਸੁੰਦ੍ਰ ਮਹਾਕਾਵਿ ਲਿਖਿਆ। ਇਸ ਦੇ ਅਠ ਅੰਗ (ਅਧਯਾ) ਤੇ ੨੫੬੫ ਛੰਦ ਹਨ। ਸ਼ਾਹਿਤਕ ਨੁਕਤਾ-ਨਿਗਾਹ ਤੋਂ ਇਹ ਪੁਸਤਕ ਰਸਿਕ ਵਿਦਵਾਨਾਂ ਦੇ ਪੜ੍ਹਨ ਯੋਗ ਹੈ। ਇਸ ਤੋਂ ਪਿਛੋਂ ੧੬੧੬ ਬਿ: ਵਿਚ ਕੌਸ਼ਲਲਾਭ ਵਾਚਕ ਰਚਿਤ 'ਮਾਧਵਾਨਲ

ਕਾਮਕੰਦਲਾ ਚੌਪਈ' ਸਾਨੂੰ ਮਿਲਦੀ ਹੈ। ਇਹ ਦੋਵੇਂ ਪੁਸਤਕਾਂ ਪੱਛਮੀ ਰਾਜਸਥਾਨੀ ਭਾਸ਼ਾ ਵਿਚ ਹਨ ਤੇ ਇਹਨਾਂ ਤੇ ਪ੍ਰਾਕ੍ਰਿਤ ਦਾ ਕਾਫ਼ੀ ਅਸਰ ਨਜ਼ਰੀਂ ਪੈਂਦਾ ਹੈ।

ਇਸੇ ਕਹਾਣੀ ਨੂੰ ਸੰਸਕ੍ਰਿਤ ਰਚਨਾ ਤੇ ਪ੍ਰਾਕ੍ਰਿਤ ਪੁਸਤਕਾਂ ਦੇ ਅਧਾਰ ਤੇ ਅਕਬਰ ਦੇ ਸਮਕਾਲੀ ਕਵੀ 'ਆਲਮ' ਨੇ ੧੬੪੦ ਬਿ: ਵਿਚ 'ਮਾਧਵਾਨਲ ਕਥਾ' ਨਾਮ ਦੀ ਪੁਸਤਕ ਹਿੰਦੀ ਭਾਸ਼ਾ ਵਿਚ ਲਿਖੀ। ਇਸਦੇ ੩੫੩ ਛੰਦ ਹਨ, ਜ਼ਿਆਦਾ ਤਰ ਚੌਪਈ ਛੰਦ ਵਰਤਿਆ ਗਿਆ ਹੈ। ਇਹ ਕਹਾਣੀ ਚੂੰਕਿ ਪਹਿਲੇ ਪਹਿਲ ਗੁਜਰਾਤ ਵਿਚ ਕਾਫ਼ੀ ਪ੍ਰਸਿਧ ਹੋ ਚੁਕੀ ਸੀ, ਇਸੇ ਲਈ ਅਕਬਰ ਦੇ ਗੁਜਰਾਤ ਨੂੰ ਫ਼ਤਹ ਕਰਨ ਤੋਂ ਬਾਅਦ ਛੇਤੀ ਹੀ ਇਸ ਕਹਾਣੀ ਦੀ **ਹਿੰਦੀ ਰਚਨਾ** ਕਰਵਾਈ ਗਈ, ਇਸ ਦਾ ਇਸ਼ਾਰਾ ਆਲਮ ਨੇ ਪੁਸਤਕ ਦੇ ਅਰੰਭ ਵਿਚ ਦਿਤਾ ਹੈ। ਪ੍ਰੋ: ਮੌਜਮਦਾਰ ਆਪਣੀ ਪੁਸਤਕ ਵਿਚ ਇਸ ਸੰਬੰਧੀ ਇਉਂ ਲਿਖਦੇ ਹਨ :-

> "This story appears to have been popular mostly in Westren India, only very a late period it came to be adopted in Marathi. The version of the story in Hindi by a Muslim poet 'Alam' styled 'Madhavnal Katha' was composed in Hijri samat 991 (1640 Bi:, 1584 A. D.) only a decade after Akber's conquest of Gujrat at the expressed desire of Raja Todar Mal for the pleasure of emperor Akbar."

ਇਸੇ ਖ਼ਿਆਲ ਨੂੰ 'ਮਿਸ਼ਰ ਬੰਧੂ ਬਿਨੋਦ' ਵਿਚ ਮਿਸ਼ਰ ਭਾਈਆਂ, ਪੰ: ਰਾਮ ਚੰਦ ਸ਼ੁਕਲ, ਗੰਗਾ ਪ੍ਰਸ਼ਾਦ ਤੇ ਡਾਕਟਰ ਹੀਰਾ ਲਾਲ ਆਦਿਕ ਨੇ ਮੰਨਿਆ ਹੈ। ਇਹ ਸਾਰਾ ਵੀਚਾਰ ਵਿਦਵਾਨਾਂ ਨੇ ਕਿਸੇ ਮਾਮੂਲੀ ਸਰੋਤ ਦੇ ਅਧਾਰ ਤੇ ਹੀ ਨਹੀਂ ਬਣਾਇਆ, ਬਲਕਿ ਪੁਸਤਕ ਦੀ ਅੰਦਰਲੀ

ਗਵਾਹੀ ਤੇ ਨਿਰਭਰ ਹੈ। ਆਲਮ* ਕਵੀ ਆਪ ਲਿਖਦਾ ਹੈ :–

ਜਗਪਤ ਰਾਜ ਕੋਟ ਜੁਗ ਕੀਜੈ। ਸ਼ਾਹ ਜਲਾਲ ਛਤ੍ਰਪਤਿ ਜੀਜੈ।
ਦਿਲੀਪਤਿ ਅਕਬਰ ਸੁਲਤਾਨਾ। ਸਪਤ ਦੀਪ ਮਹਿ ਜਾ ਕੀ ਆਨਾ।
ਧਰਮ ਰਾਜ ਸਭ ਦੇਸ ਚਲਾਵਾ। ਹਿੰਦੂ ਤੁਰਕ ਪੰਥ ਸਭ ਲਾਵਾ।
ਆਗੇ ਨੈਬ ਮਹਾਮਤ ਮੰਤ੍ਰੀ। ਨ੍ਰਿਪ ਰਾਜਾ ਟੋਡਰ ਮਲ ਛਤ੍ਰੀ.....
ਦੇਸ ਦੇਸ ਕੇ ਭੂਪਤਿ ਆਵਹਿਂ। ਦੁਆਰੇ ਭੀਰ, ਵਾਰ ਨਹਿਂ ਪਾਵਹਿਂ।
ਸੰਨ ਨੌਂ ਸੇ ਇਕਿਆਵਨ ਆਹੀ। ਕਰੋ ਕਥਾ ਅਬ ਬੋਲੋ ਤਾਹੀਂ।
ਕਛੂ ਅਪਨੀ ਕਛ ਪ੍ਰਾਕ੍ਰਿਤ ਚੋਰੇਂ। ਯਥਾ ਸ਼ਕਤ ਕਰ ਅਛਰ ਜੋਰੇਂ।

ਇਸ ਤੋਂ ਅਗੇ ਪੁਸਤਕ ਦੀ ਕਹਾਣੀ ਸੰਖੇਪ ਇਉਂ ਚਲਦੀ ਹੈ : ਇਕ ਮਾਧਵਾਨਲ ਨਾਮੀ ਗਵੱਈਆ ਪੁਸ਼ਪਾਵਤੀ ਨਗਰੀ ਵਿਚ ਰਹਿੰਦਾ ਸੀ। ਤਮਾਮ ਸ਼ਹਿਰੀ ਸੁੰਦ੍ਰੀਆਂ ਇਸ ਤੇ ਮੋਹਤ ਹੋ ਗਈਆਂ। ਰਾਜੇ ਨੇ ਮਾਧਵ ਨੂੰ ਦੇਸ਼-ਨਿਕਾਲਾ ਦੇ ਦਿਤਾ। ਇਹ ਇਥੋਂ ਕਾਮਸੈਨ ਰਾਜੇ ਦੀ **ਕਾਮਾਵਤੀ** ਨਗਰੀ ਵਿਚ ਪੁਜਿਆ, ਜਿਥੇ ਕਿ ਕਾਮ ਕੰਦਲਾ ਨਾਮੀ ਨਾਚੀ ਰਾਜ ਦਰਬਾਰ ਵਿਚ ਨਾਚ ਕਰ ਰਹੀ ਸੀ। ਇਥੇ ਆ ਕੇ ਆਲਮ ਕਵੀ ਨੇ ਮੌਕਾ ਤਾੜ ਕੇ ਆਪਣਾ ਰਾਗ-ਗਿਆਨ ਦਸਣ ਲਈ ਕਾਮ ਕੰਦਲਾ ਤੋਂ ਹਨੁਮੰਤ ਮਤ ਮੁਤਾਬਕ ਸਾਰੀ ਰਾਗ-ਪ੍ਰਣਾਲੀ ਗਾਇਨ ਕਰਵਾਈ ਹੈ। ਸਾਹਿਤਕ ਨੁਕਤਾ ਨਿਗਾਹ ਤੋਂ ਕਾਵਯ ਦੀ ਨਾਇਕਾ ਦਾ ਰਾਗ ਤੇ ਨਿਰਤ ਪ੍ਰਬੀਨ ਹੋਣਾ ਜ਼ਰੂਰੀ ਹੈ, ਸੋ ਕਵੀ ਨੇ ਦੋਹਾਂ ਗੱਲਾਂ ਨੂੰ ਖ਼ੂਬ ਨਿਭਾਇਆ ਹੈ। ਪਹਿਲੇ ਬਹੁਤ ਸਾਰੇ ਸਾਜ਼ਾਂ ਦੇ ਵੱਜਣ ਦਾ ਨਕਸ਼ਾ

* ਪਾਠਕਾਂ ਦੀ ਦਿਲਚਸਪੀ ਲਈ ਇਹ ਦਸਣਾ ਗ਼ੈਰ-ਜ਼ਰੂਰੀ ਨਹੀਂ ਹੋਵੇਗਾ ਕਿ ਆਲਮ ਤੋਂ ਬਾਅਦ ੧੭੩੭ ਬਿ: ਵਿਚ ਦਮੋਦਰ ਕਵੀ ਨੇ 'ਮਾਧਵ ਕਥਾ' ਨਾਮ ਦੀ ਹੋਰ ਪੁਸਤਕ ਲਿਖੀ। ਦਸਮ ਗ੍ਰੰਥ ਵਿਚ ਵੀ ਇਸੇ ਕਹਾਣੀ ਨੂੰ ੧੭੫੫ ਬਿ: ਵਿਚ ਚਰਿਤ੍ਰੋ ਪਖਯਾਨ ਦੇ ੯੧ਵੇਂ ਚਰਿਤ੍ਰ ਵਿਚ ਦਰਜ ਕੀਤਾ ਗਿਆ ਹੈ। ੧੯੩੦-੩੭ ਬਿ: ਦੇ ਸਮੇਂ ਦੀ ਲਿਖੀ ਇਕ 'ਮਾਧਵ ਕਥਾ' ਬੁਧ ਸਿੰਘ ਕਵੀ ਦੀ ਦਸੀ ਜਾਂਦੀ ਹੈ। ਪੰਜਾਬੀ ਪੁਸਤਕ 'ਬੈਤਾਲ ਪਚੀਸੀ' ਵਿਚ ਵੀ ਇਹ ਕਹਾਣੀ ਲਿਖੀ ਮਿਲਦੀ ਹੈ।

ਖਿੱਚਿਆ ਹੈ, ਫਿਰ ਰਾਗ-ਗਾਇਨ ਅਰੰਭ ਹੁੰਦਾ ਹੈ। ਕਵੀ ਦੇ ਸ਼ਬਦਾਂ ਵਿਚ ਹੀ ਸੁਣੋ :–

ਬੀਨ ਉਪੰਗ ਬੰਸਰੀ ਬਾਜੈ। ਢਾਡੀ ਜੰਤ੍ਰ ਅੰਮ੍ਰਿਤੀ ਸਾਜੈ।
ਸੁਰਮੰਡਲ ਵਾਜੇ ਘਨ ਤੰਤੀ। ਰੁਦ੍ਰ ਬੀਨ ਸਾਰੰਗ ਬਹੁ ਭੰਤੀ।
ਉਝਲਤਾਲ ਕਠ ਤਾਲ ਬਜਾਵੈ। ਅਗਨੀ ਤਾਲ ਤ੍ਰੰਗ ਉਪਜਾਵੈ।
ਜਲਤ ਤਰੰਗ ਅੰਮ੍ਰਿਤ ਕੁੰਡਲੀ। ਕੁੰਭਰ ਬਾਜੈ ਮਿਲ ਧੁਨਿ ਭਲੀ।
ਦੋਹਰਾ–ਬਾਜੈ ਸਰਬ ਸੰਗੀਤ ਗਤ, ਤੰਤ ਅਤੰਤ ਘਨ ਤਾਲ।
ਬਹੁਰ ਅਲਾਪੈ ਰਾਗ ਖਟ, ਪੰਚ ਪੰਚ ਸੰਗ ਬਾਲ ॥੩੩॥
ਚੌਪਈ–ਪ੍ਰਿਥਮ ਰਾਗ ਭੈਰਉ ਵੈ ਕਰਈ।
ਪਾਂਚਹੁ ਕਾਮਨਿ ਮੁਖਹੁ ਉਚਰਈ ॥" ਆਦਿਕ

ਇਸ ਤੋਂ ਅਗੇ ਸਾਰੀ ਉਹ ਰਚਨਾ ਹੈ ਜਿਸ ਨੂੰ ਪੜ੍ਹ ਕੇ ਕਿਸੇ ਰਾਗ ਦੇ ਸ਼ੌਕੀਨ ਨੇ ਇਸ ਨੂੰ 'ਰਾਗਮਾਲਾ' ਸਿਰਲੇਖ ਦੇ ਕੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰ ਦਿਤਾ। ਯਾਦ ਰਹੇ, ਬੀੜ ਦੀ ਰਚਨਾ ਗੁਰੂ ਅਰਜਨ ਦੇਵ ਜੀ ਨੇ ੧੬੬੧ ਬਿ: ਵਿਚ ਸੰਪੂਰਨ ਕੀਤੀ ਸੀ ਤੇ ਰਾਗਮਾਲਾ ੧੬੪੦ ਬਿ: ਵਿਚ ਹੀ ਰਚੀ ਜਾ ਚੁਕੀ ਸੀ। ਇਸ ਲਈ ਰਾਗਮਾਲੀਆਂ ਦਾ ਇਹ ਕਹਿਣਾ ਕਿ ਇਹ ਰਚਨਾ ਆਲਮ ਕਵੀ ਨੇ ਗੁਰੂ ਗ੍ਰੰਥ ਸਾਹਿਬ ਵਿਚੋਂ ਚੁਰਾ ਕੇ ਆਪਣੀ ਪੁਸਤਕ ਵਿਚ ਦਰਜ ਕੀਤੀ, ਬਿਲਕੁਲ ਬੇਬੁਨਿਆਦ ਹੈ।

ਰਾਗਮਾਲੀਏ ਕਹਿੰਦੇ ਹਨ ਕਿ ਅਕਬਰ ਦੇ ਸਮੇਂ ਜੋਧ ਕਵੀ ਨੇ 'ਮਾਧਵਾਨਲ ਕਾਮਕੰਦਲਾ' ਕੋਈ ਸੰਸਕ੍ਰਿਤ ਪੁਸਤਕ ਲਿਖੀ ਸੀ, ਆਲਮ ਉਸ ਸਮੇਂ ਕੋਈ ਨਹੀਂ ਹੋਇਆ, ਇਹ ਆਲਮ ਦਸਮੇਸ਼ ਜੀ ਦੇ ਸਮੇਂ ਹੋਇਆ ਹੈ। ਇਸ ਨੇ ਉਸ ਸੰਸਕ੍ਰਿਤ ਪੋਥੀ ਦਾ ਹਿੰਦੀ ਅਨੁਵਾਦ ਕੀਤਾ ਤੇ ਰਾਗਮਾਲਾ ਗੁਰੂ ਗ੍ਰੰਥ ਸਾਹਿਬ ਵਿਚੋਂ ਚੁਰਾ ਕੇ ਆਪਣੀ ਕਿਤਾਬ ਵਿਚ ਰਖ ਲਈ, ਕਿਉਂਕਿ ਆਲਮ ਦਸਮੇਸ਼ ਜੀ ਦੇ ਦਰਬਾਰ ਵਿਚ ਰਹਿਣ ਕਰਕੇ ਸਿਖ-ਸਾਹਿਤ ਤੋਂ ਚੰਗਾ ਵਾਕਫ਼ ਸੀ। ਜੋ ਪੁਸਤਕ ਵਿਚ ੯੯੧ ਹਿ: ਸੰਮਤ ਪਾਇਆ ਜਾਂਦਾ ਹੈ, ਇਹ ਗ਼ਲਤੀ ਨਾਲ ਉਸ ਨੇ ਅਸਲ

ਸੰਮਤ ਦਾ ਹੀ ਅਨੁਵਾਦ ਕਰ ਦਿਤਾ ਹੈ। ਵੈਸੇ ਜੋ ਹਿੰਦੀ ਪੁਸਤਕ ਆਲਮ ਨੇ ਲਿਖੀ, ਉਸਦਾ ਰਚਨਾ ਸਾਲ ੧੭੭੪ ਬਿ: ਹੈ। ਇਸ ਪੁਸ਼ਟੀ ਲਈ ਇਹ ਦੋਹਰਾ ਵੀ ਦਿਤਾ ਜਾਂਦਾ ਹੈ :-

ਬੇਦ[੪] ਦੀਪ[੭] ਮੁਨਿ[੭] ਇੰਦ[੧] ਧਰ, ਸਵਿਤਾ ਜੁਵਤ ਗਤਾਨ।
ਹੰਸ ਵਾਰ ਥਿਤ ਅਸਟਮੀ, ਸਾਕਾ ਬਿਕ੍ਰਮ ਜਾਨ।

ਇਹ ਹੈ ਸਾਰਾ ਰਾਗਮਾਲੀਆਂ ਦਾ ਦਲੀਲੀ ਕਿਲ੍ਹਾ। ਇਥੇ ਅਸੀਂ ਇਸ ਤੇ ਵੀਚਾਰ ਕਰਨੀ ਚਾਹੁੰਦੇ ਹਾਂ। ਪਹਿਲੀ ਗੱਲ, ੧੭੭੪ ਬਿ: ਸੰਮਤ ਦਸਣ ਵਾਲਾ ਉਪਰੋਕਤ ਦੋਹਰਾ ਪੁਰਾਣੇ ਕਿਸੇ ਲਿਖਤੀ ਖਰੜੇ ਵਿਚ ਨਹੀਂ। ਹਿੰਦੀ ਦੇ ਦੋ ਲਿਖਤੀ ਖਰੜੇ ਮਿਲੇ ਹਨ। ਇਕ ਨਾਗਰੀ ਪ੍ਰਚਾਰਨੀ ਸਭਾ ਬਨਾਰਸ ਪਾਸ ਹੈ, ਇਕ ਬੀਕਾਨੇਰ ਦੀ 'ਫ਼ੋਰਟ ਲਾਇਬਰੇਰੀ' ਵਿਚ ਹੈ। ਇਨ੍ਹਾਂ ਦੋਹਾਂ ਵਿਚ ਇਹ ਦੋਹਰਾ ਨਹੀਂ। ਗੁਰਮੁਖੀ ਲਿਪੀ ਵਿਚ ਲਿਖਿਆ ਖਰੜਾ ਇਕ 'ਗੁਰੂ ਰਾਮਦਾਸ ਲਾਇ-ਬਰੇਰੀ' ਅੰਮ੍ਰਿਤਸਰ ਵਿਚ ਹੈ। ਇਸ ਵਿਚ ਵੀ ਇਹ ਦੋਹਰਾ ਨਹੀਂ। ਸ: ਸ਼ਮਸ਼ੇਰ ਸਿੰਘ ਅਸ਼ੋਕ ਜੀ ਨੇ ਪੰਜਾਬ ਯੂਨੀਵਰਸਿਟੀ ਲਾਹੌਰ ਵਿਚ ਜੋ ਖਰੜੇ ਵੇਖੇ ਹਨ, ਉਨ੍ਹਾਂ ਵਿਚ ਵੀ ਇਹ ਦੋਹਰਾ ਨਹੀਂ। ਰਾਗਮਾਲੀਏ ਇਹ ਦੋਹਰਾ ਕਿਥੋਂ ਦੇ ਰਹੇ ਹਨ, ਇਹ ਮੈਂ ਨਹੀਂ ਜਾਣਦਾ। ਅਗਰ ਇਹ ਕਿਸੇ ਪੋਥੀ ਦੇ ਅੰਤ ਵਿਚ ਹੋਵੇਗਾ ਵੀ, ਤਾਂ ਇਹ ਉਸ ਖਰੜੇ ਦੇ ਨਕਲ ਕਰਨ ਦਾ ਸੰਮਤ ਹੋ ਸਕਦਾ ਹੈ, ਪੁਸਤਕ-ਰਚਨਾ ਦਾ ਨਹੀਂ, ਕਿਉਂਕਿ ਰਚਨਾ ਦਾ ਸੰਮਤ ੧੬੪੦ ਬਿ: ਪੁਸਤਕ ਦੇ ਅਰੰਭ ਵਿਚ ਸਾਫ਼ ਸਾਫ਼ ਦਿਤਾ ਗਿਆ ਹੈ। ਮਗਰ ਇਸ ਅਸਲ 'ਰਚਨਾ ਸੰਮਤ' ਨੂੰ ਰਾਗ-ਮਾਲੀਏ ਜੋਧ ਕਵੀ ਦੀ ਹੋਂਦ ਦਾ ਢਕਵੰਜ ਖੜਾ ਕਰ ਕੇ ਇਹ ਕਹਿੰਦੇ ਹਨ ਕਿ ਇਹ ਜੋਧ ਦੀ ਸੰਸਕ੍ਰਿਤ ਪੁਸਤਕ ਦਾ ਸੰਮਤ ਹੈ, ਜੋ ਆਲਮ ਨੇ ਗ਼ਲਤੀ ਨਾਲ ਵਿਚੇ ਅਨੁਵਾਦ ਕਰ ਦਿਤਾ ਹੈ। ਮੈਂ ਇਨ੍ਹਾਂ ਸਜਣਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਆਇਆ ਕੋਈ ਜੋਧ ਕਵੀ ਹੋਇਆ ਵੀ ਹੈ, ਜਿਸ ਨੇ ਅਕਬਰ ਸਮੇਂ ਸੰਸਕ੍ਰਿਤ ਵਿਚ 'ਮਾਧਵਾਨਲ ਕਥਾ' ਲਿਖੀ ਹੋਵੇ? ਅਸਲੀਅਤ ਇਹ ਹੈ ਕਿ ਪੁਰਾਣੇ ਸੰਸਕ੍ਰਿਤ ਕਵੀਆਂ ਦੀ ਸੂਚੀ ਵਿਚ

ਅਕਬਰ ਸਮੇਂ ਕੀ, ਕਿਸੇ ਸਮੇਂ ਵੀ ਸੰਸਕ੍ਰਿਤ ਦੇ ਜੋਧ ਕਵੀ ਦਾ ਕੋਈ ਜ਼ਿਕਰ ਨਹੀਂ ਆਉਂਦਾ। ਪੁਸ਼ਟੀ ਲਈ ਸੰਸਕ੍ਰਿਤ ਕਵਿਤਾ ਕੌਮਦੀ, ਸੰਸਕ੍ਰਿਤ ਕਵੀਓਂ ਕਾ ਇਤਿਹਾਸ ਤੇ History of Sanskrit Literature ਆਦਿਕ ਪੁਸਤਕਾਂ ਵੇਖੀਆਂ ਜਾ ਸਕਦੀਆਂ ਹਨ। ਪ੍ਰੋ: ਮੌਜਮਦਾਰ ਜੀ ਨੇ ਪਤ੍ਰਕਾ ਰਾਹੀਂ ਮੈਨੂੰ ਦਸਿਆ ਹੈ ਕਿ "ਜੋਧ ਕਵੀ ਦੀ ਲਿਖਤ 'ਮਾਧਵ ਕਥਾ' ਕਿਤੇ ਪੁਰਾਣਿਆਂ ਖਰੜਿਆਂ ਦੇ ਜ਼ਿਕਰ ਵਿਚ ਨਹੀਂ ਆਈ, ਨਾ ਹੀ ਜੋਧ ਕਵੀ ਮੈਂ ਕੋਈ ਹੋਇਆ ਸੁਣਿਆ ਹੈ।" ਰਾਗਮਾਲੀਏ ਵੀਰ ਦਸਣ, ਕੀ ਉਸ ਦੀ ਸੰਸਕ੍ਰਿਤ ਮਾਧਵ ਕਥਾ ਛਪੀ ਯਾ ਅਣਛਪੀ ਸੂਰਤ ਵਿਚ ਕਿਤੇ ਦੇਖੀ ਜਾ ਸਕਦੀ ਹੈ ?

ਅਸਲੀਅਤ ਵਿਦਵਾਨਾਂ ਦੇ ਸਾਹਮਣੇ ਹੈ, ਨ ਕੋਈ ਜੋਧ ਕਵੀ ਹੋਇਆ ਹੈ ਤੇ ਨਾ ਕੋਈ ਉਸਦੀ ਰਚਨਾ ਹੈ। ਹਾਂ, ਹੁਣ ਕੁਝ ਬਨਾਉਟੀ ਸ਼ਲੋਕ ਘੜ ਲਏ ਜਾਣ ਤਾਂ ਇਹ ਸੱਚ ਬਣ ਸਕਦਾ ਹੈ।

ਅਗਰ ਕੁਛ ਚਿਰ ਲਈ ਇਹ ਮੰਨ ਵੀ ਲਿਆ ਜਾਵੇ ਕਿ 'ਸਿਵ ਸਿੰਹ ਸਰੋਜ' ਦੇ ਅਨੁਸਾਰ, ਜਿਸ ਦੇ ਸੰਮਤ ਅਮੂਮਨ ਗ਼ਲਤ ਹਨ, ਆਲਮ ਦਾ ਜਨਮ ੧੭੧੨ ਬਿ: ਵਿਚ ਹੋਇਆ ਤੇ ਉਪਰੋਕਤ ਦੋਹਰੇ ਮੁਤਾਬਕ ੧੭੭੪ ਬਿ: ਵਿਚ ਉਸ ਇਹ ਕਥਾ ਲਿਖੀ। ਇਸ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਆਲਮ ਨੇ ੬੨ ਸਾਲ ਦੀ ਉਮਰ ਵਿਚ ਬੁਢਾਪੇ ਸਮੇਂ ਇਕ ਵੇਸ਼ਵਾ ਦੀ ਕਹਾਣੀ ਨੂੰ ਲਿਖਣਾ ਪਸੰਦ ਕੀਤਾ। ਫਿਰ ਉਸ ਆਲਮ ਨੇ, ਜੋ ਕਾਫ਼ੀ ਸਮਾਂ ਗੁਰੂ ਦਰਬਾਰ ਵਿਚ ਵੀ ਰਹਿ ਚੁਕਾ ਹੋਵੇ। ਮਾਨਸਿਕ ਦ੍ਰਿਸ਼ਟੀਕੋਣ ਤੋਂ ਇਹ ਕਿਸੇ ਤਰ੍ਹਾਂ ਦਰੁਸਤ ਨਹੀਂ ਜਾਪਦਾ, ਚੂੰਕਿ ਅਜਿਹੇ 'ਪ੍ਰੀਤ ਕਿੱਸੇ' ਜਵਾਨੀ ਦੇ ਉਛਾਲਾਂ ਵਿਚ ਹੀ ਲਿਖੇ ਜਾਂਦੇ ਹਨ। ਦੂਸਰੇ ਅਗਰ ਇਸੇ ਆਲਮ ਨੇ ਹੀ ਇਹ 'ਮਾਧਵ ਕਥਾ' ਲਿਖੀ ਹੁੰਦੀ ਤਾਂ ਇਸ ਵਿਚ ਕਵੀ, ਦਸਮੇਸ਼ ਜੀ ਦਾ ਯਾ ਬਹਾਦਰ ਸ਼ਾਹ ਦਾ ਜ਼ਿਕਰ ਜ਼ਰੂਰ ਕਰਦਾ। ਮਗਰ ਕਵੀ ਇਥੇ ਅਕਬਰ ਦੇ ਹੀ ਗੁਣ ਗਾਉਂਦਾ ਹੈ ਜਾਂ ਟੋਡਰ ਮਲ ਦੀ ਪ੍ਰਸੰਸਾ ਕਰਦਾ ਹੈ। ਇਹ ਤਾਂ ਮੰਨਿਆ ਜਾ ਸਕਦਾ ਹੈ ਕਿ ਦਸਮੇਸ਼ ਜੀ ਦੇ ਸਮੇਂ ਵੀ ਕੋਈ ਦੂਜਾ ਆਲਮ ਕਵੀ ਹੋਇਆ ਹੋਵੇ,

ਮਗਰ ਇਹ ਨਿਸਚਿਤ ਹੈ ਕਿ 'ਮਾਧਵਾਨਲ ਕਥਾ' ਹਿੰਦੀ ਦਾ ਲਿਖਾਰੀ ਅਕਬਰ ਸਮੇਂ ਹੀ ਹੋਇਆ ਹੈ, ਜਿਸ ਨੇ ਆਪਣੀ ਪੁਸਤਕ ਵਿਚ ਰਾਗ-ਮਾਲਾ ਵਾਲੀ ਰਚਨਾ ਕੀਤੀ ਤੇ ਜਿਸ ਨੂੰ ਕਿਸੇ ਸਜਨ ਨੇ 'ਰਾਗਮਾਲਾ' ਸਿਰਲੇਖ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿਚ ਚਾੜ੍ਹਿਆ। ਮੁਮਕਿਨ ਹੈ, ਹੋਰ ਫ਼ਾਲਤੂ ਰਚਨਾਵਾਂ 'ਰਤਨਮਾਲਾ' ਆਦਿਕ ਵਾਂਙ ਭਾਈ ਬੰਨੋ ਨੇ ਹੀ ਰਾਗਮਾਲਾ ਚੜ੍ਹਵਾਈ ਹੋਵੇ। ਕਿਉਂਕਿ ਭਾਈ ਬੰਨੋ ਜੀ ਵਾਲੀ ਬੀੜ ਵਿਚ ਰਾਗਮਾਲਾ ਸਾਰੀਆਂ ਵਾਧੂ ਰਚਨਾਵਾਂ ਦੇ ਅਖ਼ੀਰ ਤੇ ਮਿਲਦੀ ਹੈ। ਅਗਰ ਰਾਗਮਾਲਾ ਗੁਰੂ ਅਰਜਨ ਦੇਵ ਜੀ ਨੇ ਹੀ ਲਿਖਵਾਈ ਹੁੰਦੀ ਤਾਂ ਜ਼ਰੂਰੀ ਸੀ ਕਿ ਭਾਈ ਬੰਨੋ ਵਾਲੀ ਬੀੜ ਵਿਚ ਇਹ ਮੁੰਦਾਵਣੀ ਤੋਂ ਅਗੇ ਲਿਖੀ ਹੁੰਦੀ। ਕਿਉਂਕਿ ਭਾਈ ਬੰਨੋ ਨੇ ਭਾਈ ਗੁਰਦਾਸ ਜੀ ਦੀ ਲਿਖੀ ਬਾਣੀ ਦਾ ਉਤਾਰਾ ਕਰ ਕੇ ਹੀ ਆਪਣੇ ਵਲੋਂ ਮਿਲਦੇ ਸ਼ਬਦ ਲਿਖਵਾਏ ਸਨ। ਭਾਈ ਬੰਨੋ ਦੀ ਬੀੜ ਵਿਚ ਰਾਗਮਾਲਾ ਸਭ ਬਾਣੀਆਂ ਦੇ ਅੰਤ ਤੇ ਹੈ। ਇਸ ਤੋਂ ਜ਼ਾਹਰ ਹੁੰਦਾ ਹੈ ਕਿ ਰਾਗਮਾਲਾ ਸ਼ਾਇਦ ਭਾਈ ਬੰਨੋ ਨੇ ਹੀ ਕਿਸੇ ਸਜਣ ਤੋਂ ਸੁਣ ਸੁਣਾ ਕੇ ਲਿਖਵਾਈ ਹੋਵੇ। ਵੈਸੇ ਇਹ ਗੱਲ ਅਜੇ ਖੋਜ ਦੀ ਮੁਥਾਜ ਹੈ ਕਿ ਰਾਗਮਾਲਾ ਕਿਸ ਨੇ ਕਦੋਂ ਚਾੜ੍ਹੀ ? ਸੰਭਵ ਹੈ ਕਿ ਭਾਈ ਬੰਨੋ ਵਾਲੀ ਬੀੜ ਤੇ ਵੀ ਕਿਸੇ ਹੋਰ ਨੇ ਬਾਅਦ ਵਿਚ ਚੜ੍ਹਾਈ ਹੋਵੇ। ਇਥੋਂ ਇਹ ਜ਼ਰੂਰ ਸਪੱਸ਼ਟ ਹੋ ਜਾਂਦਾ ਹੈ ਕਿ ਭਾਈ ਬੰਨੋ ਨੇ ਜਿਸ ਬੀੜ ਦੀ ਨਕਲ ਕੀਤੀ ਸੀ, ਉਸ ਤੇ ਰਾਗਮਾਲਾ ਨਹੀਂ ਸੀ। ਇਸ ਸਮੇਂ ਵੀ ੮-੧੦ ਹੱਥ-ਲਿਖਤ ਪ੍ਰਾਚੀਨ ਬੀੜਾਂ ਐਸੀਆਂ ਮਿਲਦੀਆਂ ਹਨ, ਜਿਨ੍ਹਾਂ ਤੇ ਰਾਗਮਾਲਾ ਨਹੀਂ, ਤੇ ਕਈਆਂ ਤੇ 'ਸਿਆਹੀ ਕੀ ਬਿਧਿ' ਤੋਂ ਵੀ ਬਾਅਦ ਰਾਗਮਾਲਾ ਘੁਸੇੜੀ ਗਈ ਹੈ। ਰਾਗਮਾਲਾ-ਮੰਡਨੀ ਸਜਨ ਇਸ ਦਾ ਉਤਰ ਦੇਣੋਂ ਅਸਮਰਥ ਰਹੇ ਹਨ ਕਿ ਇਹ ਬੀੜਾਂ ਕਿਉਂ (ਬਿਨਾਂ) ਰਾਗਮਾਲਾ ਤੋਂ ਰਹਿ ਗਈਆਂ। ਇਥੇਂ ਤਕ ਸੀ ਰਾਗਮਾਲਾ ਦੀ ਇਤਿਹਾਸਕ ਬਹਿਸ।

ਹੁਣ ਅਸੀਂ ਰਾਗਮਾਲਾ ਦੀ ਅੰਦਰਲੀ ਗਵ ਹੀ ਸਾਮ੍ਹਣੇ ਲਿਆ-ਉਣਾ ਚਾਹੁੰਦੇ ਹਾਂ ਜਿਸ ਤੋਂ ਪਤਾ ਲਗ ਸਕੇ ਕਿ ਇਹ ਕਿਸ ਥਾਂ ਦੀ ਤੇ

ਕਿਸ ਮਜ਼ਮੂਨ ਨਾਲ ਪ੍ਰੋੜ੍ਹੀ ਰੰਚਨਾ ਹੈ। ਸਭ ਤੋਂ ਪਹਿਲੇ ਇਸ ਰਾਗਮਾਲਾ ਵਿਚ ਆਏ ਪੜਨਾਂਵ ਹੀ ਦਸਦੇ ਹਨ ਕਿ ਇਨ੍ਹਾਂ ਦਾ ਨਾਂਵ ਪਹਿਲੇ ਕਿਤੇ ਰਚਨਾ ਵਿਚ ਆ ਚੁਕਾ ਹੈ,ਜੋ ਕਿ ਆਲਮ ਦੀ ਮਾਧਵਾਨਲ ਕਥਾ ਪੜ੍ਹਿਆਂ ਸਾਫ਼ ਜ਼ਾਹਰ ਹੋ ਜਾਂਦਾ ਹੈ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈ ਰਾਗਮਾਲਾ ਨੂੰ ਅਗਰ ਸੁਤੰਤਰ ਰਚਨਾ ਮੰਨਿਆ ਜਾਵੇ ਤਾਂ ਇਨ੍ਹਾਂ ਪੜ-ਨਾਵਾਂ ਦਾ ਇਸ਼ਾਰਾ ਕੋਈ ਸਮਝ ਵਿਚ ਨਹੀਂ ਆਉਂਦਾ। ਭਾਈ ਵੀਰ ਸਿੰਘ ਜੀ ਆਪਣੇ ਦਿਵਯ ਗਿਆਨ ਦੁਆਰਾ ਦਸਦੇ ਹਨ ਕਿ ਤੀਸਰੇ ਪਾਤਸ਼ਾਹ ਜੀ ਨੇ 'ਅਨੰਦ' ਵਿਚ 'ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ' ਜੋ ਕਿਹਾ ਹੈ, ਇਸ ਰਾਗਮਾਲਾ ਵਿਚ ਉਨ੍ਹਾਂ 'ਰਾਗ ਪਰੀਆ' ਵਲ ਇਸ਼ਾਰਾ ਹੈ। ਮੈਨੂੰ ਤੇ ਇਸ ਵਿਆਕਰਣਿਕ ਜੋੜ ਦੀ ਕੋਈ ਸਮਝ ਨਹੀਂ ਆਈ ਕਿ ਤੀਸਰੇ ਗੁਰੂ ਜੀ ਦੀ ਕਿਸੇ ਰਚਨਾ ਵਿਚ ਵਰਤੇ ਨਾਂਵ ਦੀ ਥਾਂ ਪੰਜਵੇਂ ਗੁਰੂ ਜੀ ਨੇ ਆਪਣੀ ਬਾਣੀ ਵਿਚ ਪੜਨਾਂਵ ਵਰਤਿਆ ਹੋਵੇ। ਅਗਰ ਭਾਈ ਸਾਹਿਬ ਦੀ ਬਜ਼ੁਰਗੀ ਕਰਕੇ ਇਹ ਗੱਲ ਮੰਨ ਭੀ ਲਈ ਜਾਵੇ ਕਿ ਵੈ, ਉਨ, ਆਦਿਕ ਪੜਨਾਂਵ 'ਰਾਗ ਪਰੀਆਂ' ਨਾਂਵ ਦੀ ਥਾਂ ਆਏ ਹਨ, ਤਾਂ ਸਵਾਲ ਉਠਦਾ ਹੈ ਕਿ 'ਪ੍ਰਥਮ ਰਾਗ ਭੈਰਉ ਵੈ ਕਰਹੀ' ਦਾ ਅਰਥ ਕੀ ਇਹ ਬਣੇਗਾ- ਕਿ ਵੈ, ਉਨ੍ਹਾਂ (ਰਾਗਾਂ) ਨੇ ਪਹਿਲੋਂ ਭੈਰਉ ਨੂੰ ਗਾਵਿਆ ? ਯਾਅਨੀ ਰਾਗਾਂ ਨੇ ਰਾਗਾਂ ਨੂੰ ਹੀ ਗਾਵਿਆ ? ਇਸ ਗੁੰਝਲ ਦਾ ਹੱਲ ਭਾਈ ਸਾਹਿਬ ਹੀ ਜਾਣ ਸਕਦੇ ਹਨ।

ਇਸ ਤੋਂ ਅਗੇ ਹੇਠ ਲਿਖੀਆਂ ਸਤਰਾਂ ਵਿਚ ਆਈਆਂ ਕਿਰਿ-ਆਵਾਂ ਪਾਠਕਾਂ ਦੇ ਧਿਆਨ ਯੋਗ ਹਨ :-

੧. ਪ੍ਰਥਮ ਰਾਗ ਭੈਰਉ ਵੈ **ਕਰਹੀ** ॥
੨. ਪੰਚਮ ਹਰਖ ਦਿਸਾਖ **ਸੁਨਾਵਹਿ** ॥
੩. ਦੁਤੀਆ ਮਾਲ ਕਉਸਕ **ਆਲਾਪਹਿ** ॥
੪. ਉਠਹਿ ਤਾਨ ਕਲੋਲ ਗਾਇਨ **ਤਾਰ ਮਿਲਾਵਹੀ** ॥
੫. ਸਭ ਮਿਲਿ ਸਿਰੀ ਰਾਗ **ਵੈ ਗਾਵਹਿ** ॥
੬. ਤਿਹ ਪਾਛੈ ਸਿੰਧਵੀ **ਅਲਾਪੀ** ॥

੭. ਊਚੇ ਸੁਰਿ ਸੂਹਉ ਪੁਨਿ ਕੀਨੀ ॥

੮. ਖਸਟ ਰਾਗ **ਉਨਿ ਗਾਏ**, ਸੰਗਿ ਰਾਗਨੀ ਤੀਸ ॥

ਇਨ੍ਹਾਂ ਕਿਰਿਆਵਾਂ ਤੋਂ ਸਾਫ਼ ਪ੍ਰਗਟ ਹੋ ਰਿਹਾ ਹੈ ਕਿ ਕੋਈ ਗਾਇਕ ਭੈਰਉ ਛੇੜ ਰਹੇ ਹਨ, ਦਿਸਾਖ ਕਿਸੇ ਨੂੰ ਸੁਣਾ ਰਹੇ ਹਨ, ਮਾਲਕੌਂਸ ਅਲਾਪ ਰਹੇ ਹਨ, ਤਾਰ ਮਿਲਾ ਕੇ ਗਾਇਨ ਕਰ ਰਹੇ ਹਨ, ਸੂਹੀ ਰਾਗ ਨੂੰ ਉਚੀ ਸੁਰ ਨਾਲ ਸ਼ੁਰੂ ਕਰ ਰਹੇ ਹਨ, ਆਦਿਕ। ਇਹ ਸਭ ਕੁਛ ਕੌਣ ਕਰ ਰਿਹਾ ਹੈ ? ਅਗਰ ਗੁਰੂ ਅਰਜਨ ਦੇਵ ਜੀ ਨੇ ਇਹ ਕੇਵਲ ਰਾਗਾਂ ਦੀ ਹੀ ਲਿਸਟ ਦਿਤੀ ਹੈ, ਤਾਂ ਇਸ ਵਿਚ ਉਚੀ ਉਚੀ ਤਾਰ ਮਿਲਾ ਮਿਲਾ ਅਲਾਪਣ ਗਾਉਣ ਦਾ ਕੀ ਅਰਥ ? ਪ੍ਰਿੰਸੀਪਲ ਜੋਧ ਸਿੰਘ ਵਰਗਾ ਸਿਆਣਾ ਵਿਦਵਾਨ ਲਿਖਦਾ ਹੈ, "ਗੁਰੂ ਗ੍ਰੰਥ ਸਾਹਿਬ ਰਾਗਾਂ ਵਿਚ ਲਿਖਿਆ ਹੈ, ਜ਼ਰੂਰੀ ਸੀ ਕਿ ਦਸਿਆ ਜਾਂਦਾ ਕਿ ਰਾਗ ਕਿਹੜੇ ਮਤ ਅਨੁਸਾਰ ਗਾਵਣੇ ਠੀਕ ਹਨ। ਡਾਕਟਰ ਚਰਨ ਸਿੰਘ ਤੇ ਇਸ ਸਿੱਟੇ ਤੇ ਪੁਜੇ ਹਨ ਕਿ ਗੁਰੂ ਸੰਗੀਤ ਮਤ ਅਗਲੇ ਮਤਾਂ ਤੋਂ ਅਡਰਾ ਹੈ, ਇਸ ਲਈ ਉਨ੍ਹਾਂ ਆਪਣੀ ਰਾਗਮਾਲਾ ਰਚ ਕੇ ਪ੍ਰਗਟ ਕੀਤਾ ਹੈ।"

(੨੫ ਅਗਸਤ, 'ਖਾਲਸਾ ਐਡਵੋਕੇਟ')

(੧) ਕੀ ਇਸ ਰਾਗਮਾਲਾ ਤੋਂ 'ਕਿਹੜੇ ਮਤ ਅਨੁਸਾਰ ਰਾਗ ਗਾਵਣੇ ਠੀਕ ਹਨ' ਦਾ ਪਤਾ ਲਗਦਾ ਹੈ ? ਕੋਈ ਸਿਆਣਾ ਦਸੇ ਕਿ 'ਕਿਹੜੇ ਰਾਗ ਦੀਆਂ ਸੁਰਾਂ ਯਾ ਕਿਸ ਦੇਸ ਕਾਲ ਬਾਰੇ ਇਸ ਵਿਚ ਵੀਚਾਰ ਕੀਤੀ ਗਈ ਹੈ ?'

(੨) ਦੂਸਰੀ ਗੱਲ ਇਹ ਹੈ ਕਿ ਅਗਰ ਠੀਕ ਗਾਵਣ ਲਈ ਹੀ ਗੁਰੂ ਜੀ ਨੇ ਆਪਣਾ 'ਪ੍ਰਵਾਨ ਮਤ' ਲਿਖਿਆ ਹੈ ਤਾਂ ਸਤਿਗੁਰੂ ਜੀ ਨੇ ਆਪਣੀ ਪੋਥੀ ਸਿਰੀ ਰਾਗ ਤੋਂ ਕਿਉਂ ਸ਼ੁਰੂ ਕੀਤੀ ?

ਭੈਰਉ ਬੇਚਾਰੇ ਨੂੰ ਕਿਉਂ ੨੪ਵੀਂ ਥਾਂ ਦਿਤੀ ਗਈ ?

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਰਾਗਾਂ ਨੂੰ ਗੁਰੂ ਜੀ ਨੇ ਆਪਣੀ ਲਿਸਟ (ਰਾਗਮਾਲਾ) ਵਿਚ ਕਿਉਂ ਨਾ ਦਰਜ ਕੀਤਾ ?

(੫) ਤੇ ਜੋ ਰਾਗ ਨਹੀਂ ਵਰਤੇ ਸਨ, ਉਹ ਕਿਉਂ ਦਰਜ ਕੀਤੇ

ਗਏ ਹਨ ?

(੬) ਪਾਠਕਾਂ ਨੂੰ ਯਾਦ ਰਹੇ ਕਿ ਰਾਗਮਾਲਾਵਿਚ ਨੌਂ ਰਾਗਾਂ ਦਾ ਜ਼ਿਕਰ ਨਹੀਂ, ਜੋ ਗੁਰਬਾਣੀ ਵਿਚ ਵਰਤੇ ਗਏ ਹਨ। ਅਸਲ ਗੱਲ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮਜ਼ਮੂਨ ਸਚਾਨੀ ਯਾ ਰੂਹਾਨੀ ਗਿਆਨ ਹੈ, ਸੰਗੀਤ ਨਹੀਂ। ਇਹ ਕੇਵਲ ਕੋਰੀ ਕਲਪਣਾ ਹੀ ਹੈ।

ਇਸ ਤੋਂ ਅਗੇ ਬੀੜ ਵਿਚ ਚਾੜ੍ਹੀ ਰਾਗਮਾਲਾ ਦੀਆਂ ਅਸ਼ੁਧੀਆਂ ਭੀ ਦਸਦੀਆਂ ਹਨ ਕਿ ਕਿਸੇ ਸਜਣ ਨੇ ਇਹ ਰਚਨਾ ਸੁਣੀ ਸੁਣਾਈ ਜ਼ਬਾਨੀ ਤੇ ਕਾਹਲੀ ਨਾਲ ਲਿਖੀ ਹੈ। ਬੰਗਾਲ ਨੂੰ **ਬੰਗਾਲਮ,** ਕਾਲੇਖੀ ਨੂੰ **ਕਛੇਲੀ,** ਕਾਲਿੰਗਨ ਨੂੰ **ਕਾਲੰਕਾ,** ਸਿੰਧਰੀ ਨੂੰ **ਸੰਦੂਰ,** ਬਰਬਲ ਨੂੰ **ਪ੍ਰਬਲ,** ਮਾਲਵ ਨੂੰ **ਸਾਲੂ,** ਕੂੰਕਨੀ ਨੂੰ **ਗੁਨਗਨੀ,** ਕੋਖਟ ਨੂੰ **ਖਉਖਟ** ਤੇ ਜਾਲੰਧਰ ਨੂੰ **ਜਬਲੀਧਰ** ਕਰ ਕੇ ਲਿਖਿਆ ਹੈ। ਕਈ ਥਾਂ ਤੁਕਾਂ ਹੀ ਗਲਤ ਹਨ, 'ਰਾਗ ਰਾਗ ਸੰਗ ਪੰਚ ਬਰੰਗਨ' ਦੀ ਥਾਂ 'ਰਾਗ ਏਕ ਸੰਗਿ ਪੰਚ ਬਰੰਗਨ', 'ਮਾਲਕੌਸ ਰਾਗ ਸੰਗ ਲਾਈ' ਨੂੰ 'ਮਾਲ ਰਾਗ ਕਉਸਕ ਸੰਗਿ ਲਾਈ' ਤੇ 'ਕਵਲ ਕੁਸਮ ਪੰਚਨ ਕੇ ਨਾਮਾ' ਨੂੰ 'ਚੰਪਕ ਕੇ ਨਾਮਾ' ਲਿਖਿਆ ਹੈ। ਇਹ ਅਸ਼ੁਧੀਆਂ ਇਸ ਗੱਲ ਦੀਆਂ ਸੂਚਕ ਹਨ ਕਿ ਇਹ ਗੁਰੂ ਜੀ ਨੇ ਨਹੀਂ ਲਿਖੀ, ਕਾਹਲੀ ਨਾਲ ਕਿਸੇ ਸੁਣੀ ਸੁਣਾਈ ਲਿਖੀ ਹੈ।

ਰਾਗਮਾਲਾ ਵਿਚ ਇਕ ਤੁਕ ਆਈ ਹੈ, 'ਅਸਟ ਪੁਤ੍ਰ ਭੈਰਵ ਕੇ ਗਾਵਹਿ ਗਾਇਨ ਪਾਤ੍ਰ।' ਇਥੇ ਪਾਤ੍ਰ ਸ਼ਬਦ ਦਾ ਅਰਥ ਵੇਸ਼ਵਾ ਹੈ, ਯਾਨੀ ਕਾਮ ਕੰਦਲਾ ਤੇ ਉਸ ਦੀਆਂ ਸਹੇਲੀਆਂ। ਪ੍ਰਿੰਸੀਪਲ ਜੋਧ ਸਿੰਘ ਜੀ ਨੇ ਕਾਫ਼ੀ ਖਿਚੋਤਾਣ ਕਰਦਿਆਂ ਲਿਖਿਆ ਹੈ ਕਿ ਪਾਤਰ ਸ਼ਬਦ ਦੇ ਅਰਥ ਵੇਸ਼ਵਾ ਨਹੀਂ ਹੁੰਦੇ। ਇਥੇ ਅਸੀਂ ਕੁਝ 'ਮਾਧਵ ਕਥਾਵਾਂ' ਵਿਚੋਂ ਹੀ ਕਾਮ ਕੰਦਲਾ ਲਈ ਵਰਤਿਆ ਇਹ ਸ਼ਬਦ ਦਿਖਾਉਂਦੇ ਹਾਂ :—

ਨਿਰਤ ਕਰਹਿ ਨਵਲੀ ਗਤਇ ਕਾਮ ਕੰਦਲਾ **ਪਾਤਰ** ॥

[ਅੰਗ ੫, ਛੰਤ ੩੫

[ਗਨਪਤ ਕ੍ਰਿਤ ਮਾਧਵਾਨਲ ਕਾਮ ਕੰਦਲਾ ਪ੍ਰਬੋਧ

ਮਾਧਵ ਵਾਟਇ ਪੂਛਉ, ਕਿਵ ਨਗਰੀਐ **ਪਾਤਰ** ।
ਕਾਮਸੇਨ ਕਾਮਾਵਤੀ, ਕਾਮ ਕੰਦਲਾ **ਪਾਤਰ** ।੨੩੬।
ਰਾਜਾ ਘਰ ਅਵ ਸਰ ਘਣੋ, ਨਾਚਇ **ਪਾਤਰ** ਅਪਾਰ ।੨੩੭।
ਤਿਣਿ ਨਗਰ **ਪਾਤਰ** ਘਣੀ, ਰੂਪਵਤੀ ਸੋ ਵੀਚਾਰ ।੨੩੮।
[ਦਮੋਦਰ ਕ੍ਰਿਤ ਮਾਧਵ ਕਥਾ ਵਿਚੋਂ

ਆਲਮ ਨੇ ਵੀ ਹੋਰ ਕਈ ਥਾਂ ਪਾਤਰ ਸ਼ਬਦ ਕੰਚਨੀ ਦੇ ਅਰਥਾਂ ਵਿਚ ਵਰਤਿਆ ਹੈ, ਜਿਵੇਂ–ਫੁਨ ਮਿਲ ਸਕਲ ਏਕ ਸੁਰ ਕੀਨੇ ।
ਰੰਗ ਭੂਮੀ **ਪਾਤਰ** ਪਗ ਦੀਨੇ ।

ਖ਼ੈਰ, ਇਹ ਸਪਸ਼ਟ ਹੋ ਗਿਆ ਕਿ ਰਾਗਮਾਲਾ ਕੰਚਨੀ ਗਾਇਨ ਕਰ ਰਹੀ ਹੈ ਤੇ ਆਲਮ ਉਸਦਾ ਮੂਲ ਲੇਖਕ ਹੈ । ਜੋ ਲੋਕ ਇਸ ਨੂੰ ਗੁਰੂ ਅਰਜਨ ਸਾਹਿਬ ਕ੍ਰਿਤ ਦਸਦੇ ਹਨ, ਉਹ ਇਹ ਨਹੀਂ ਦਸ ਸਕਦੇ ਕਿ ਇਸ ਤੇ ਮਹਲਾ ਪੰਜਵਾਂ ਕਿਉਂ ਨਹੀਂ ਲਿਖਿਆ ਗਿਆ ? ਇਸ ਸਾਰੀ ਰਚਨਾ ਵਿਚ 'ਨਾਨਕ' ਨਾਮ ਕਿਉਂ ਨਹੀਂ ਆਉਂਦਾ ? ਇਸ ਦੀ ਬੋਲੀ ਤੇ ਸ਼ੈਲੀ ਵੀ ਗੁਰੂ ਅਰਜਨ ਸਾਹਿਬ ਜੀ ਦੀ ਸਾਦਗੀ ਤੇ ਸਪਸ਼ਟਤਾ ਨਾਲ ਨਹੀਂ ਰਲਦੀ । ਜਿਥੇ ਆਲਮ 'ਅਸਟ ਪੁਤ੍ਰ ਮੈ ਕਹੇ ਸਵਾਰੀ' ਕਹਿੰਦਾ ਹੈ, ਕਿ ਮੈਂ (ਅਭਿਮਾਨ ਨਾਲ) ਸਵਾਰ ਕੇ ਲਿਖ ਰਿਹਾ ਹਾਂ, ਉਥੇ ਅਜਿਹਾ ਲਿਖਣ-ਢੰਗ ਗੁਰੂ ਜੀ ਦਾ ਕਿਤੇ ਨਜ਼ਰੀਂ ਨਹੀਂ ਪੈਂਦਾ ।

ਫਿਰ ਰਾਗਮਾਲਾ ਦੇ ਛੰਦਾਂ ਦੇ ਅੰਕ ਵੀ ਇਸ ਦਾ ਪਾਜ ਖੋਲ੍ਹ ਦਿੰਦੇ ਹਨ, ਕਿਉਂਕਿ ਰਾਗਮਾਲਾ ਵਿਚ ਇਕ, ਦੋ, ਤਿੰਨ ਦੀ ਥਾਂ ਭੁਲੜ ਲਿਖਾਰੀ ਨੇ (ਇਸ ਰਾਗਮਾਲਾ ਵਿਚ) ਬਾਰ੍ਹਾਂ ਵੇਰ 'ਏਕਾ' ਹੀ ਵਰਤਿਆ ਹੈ । ਇਸ ਤੋਂ ਪਤਾ ਲਗਦਾ ਹੈ ਕਿ ਰਾਗਮਾਲਾ ਚਾੜ੍ਹਨ ਵਾਲਾ ਸਜਣ ਪੁਸਤਕ ਦਾ ਛੰਦ-ਅੰਕ ਦੇਣੋਂ ਸ਼ਰਮਾ ਕੇ ਦੂਜੇ ਸਹੀ ਅੰਕ ਦੇਣੇ ਵੀ ਭੁਲ ਗਿਆ ਹੈ । ਕੀ ਇਕੱਲੇ ਏਕਿਆਂ ਨਾਲ ਵੀ ਕੋਈ ਗਿਣਤੀ ਹੋ ਸਕਦੀ ਹੈ ? ਕੀ ਗੁਰੂ ਜੀ ਨੇ ਛੰਦਾਂ ਦੀ ਗਿਣਤੀ ਕਰਨ ਲਗਿਆਂ ਅਜਿਹਾ ਢੰਗ ਕਿਤੇ ਹੋਰ ਵਰਤਿਆ ਹੈ ? ਅਸਲ ਗੱਲ ਇਹ ਹੈ ਕਿ ਗ਼ਲਤ ਤੇ ਬੇਬੁਨਿਆਦ ਚੀਜ਼ ਦਾ ਹਰ ਪਾਸਾ ਹੀ ਕਮਜ਼ੋਰ ਹੁੰਦਾ ਹੈ । ਸੋ ਅਜਿਹੀ ਰਚਨਾ

ਨੂੰ **ਗੁਰਬਾਣੀ** ਕਹਿਣਾ ਬਾਣੀ ਦੀ ਹੀ ਬੇਅਦਬੀ ਨਹੀਂ, ਬਲਕਿ ਸਿਖ ਧਰਮ ਨੂੰ ਵੀ ਭਾਰੀ ਚੋਟ ਮਾਰਨੀ ਹੈ। ਗੁਰਬਾਣੀ ਦੀ ਤਾਰੀਫ਼ ਤਾਂ ਗੁਰੂ ਜੀ ਨੇ ਸਾਫ਼ ਕਹੀ ਹੈ :-

'ਬਾਣੀ ਗੁਰੂ ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ॥' (੯੮੨)

ਅਰਥਾਤ, ਬਾਣੀ ਉਹ ਹੋ ਸਕਦੀ ਹੈ ਜਿਸ ਵਿਚ ਸਚਾਈ, ਨਾਮ-ਅੰਮ੍ਰਿਤ ਹੋਵੇ। ਅਜਿਹੀ ਗੁਰਬਾਣੀ ਦਾ ਭੋਗ ਮੁੰਦਾਵਣੀ ਤੇ ਪਾ ਦਿਤਾ ਗਿਆ ਹੈ। ਸਮਾਪਤੀ ਦੀ ਮੋਹਰ-ਛਾਪ ਲਗ ਜਾਣ ਬਾਅਦ ਕੋਈ ਵੀ ਰਚਨਾ ਚਾੜ੍ਹਨ ਲਈ ਅਗੇ ਗੁੰਜਾਇਸ਼ ਨਹੀਂ ਰਹਿ ਜਾਂਦੀ। ਭਾਈ ਵੀਰ ਸਿੰਘ ਜੀ ਨੇ ਸਾਰੇ ਸੰਪ੍ਰਦਾਈ ਅਰਥਾਂ ਦੇ ਵਿਰੁਧ ਇਸ ਮੁੰਦਾਵਣੀ ਦਾ ਬੁਝਾਰਤ ਅਰਥ ਦਸ ਕੇ ਰਾਗਮਾਲਾ ਨੂੰ ਗੁਰਬਾਣੀ ਬਣਾਉਣ ਦਾ ਯਤਨ ਕੀਤਾ ਹੈ, ਜੋ ਕਿ ਬੁਨਿਆਦੀ ਤੌਰ ਤੇ ਹੀ ਗ਼ਲਤ ਹੈ।

ਭਾਈ ਸਾਹਿਬ ਕਹਿੰਦੇ ਹਨ ਕਿ ਸੋਰਠਿ ਦੀ ਵਾਰ ਵਿਚ ਆਈ **ਮੁਦਾਵਣੀ** ਦਾ ਇਹ 'ਮੁੰਦਾਵਣੀ' ਉਤਰ ਹੈ। ਅਸਲ ਗੱਲ ਇਹ ਹੈ, ਨ ਉਥੇ ਕੋਈ **ਮੁੰਦਾਵਣੀ** ਸਿਰਲੇਖ ਹੈ, ਨਾ **ਮੁੰਦਾਵਣੀ** ਸ਼ਬਦ ਹੈ। ਉਥੇ ਤਾਂ ਟਿੱਪੀ ਬਿਨਾ ਮੁਦਾਵਣੀ ਲਫ਼ਜ਼ ਆਇਆ ਹੈ, ਜੋ ਕਿ ਮੁਦ (ਖੁਸ਼ੀ) ਧਾਤੂ ਤੋਂ ਬਣਿਆ ਹੈ, ਜਿਸ ਦਾ ਮਤਲਬ ਹੈ ਦਿਲ-ਬਹਿਲਾਵੇ ਦੀ ਚੀਜ਼, ਯਾਨੀ ਬੁਝਾਰਤ। ਉਥੇ ਤੀਸਰੇ ਗੁਰੂ ਜੀ ਨੇ ਇਹ ਵੀ ਦਸਿਆ ਹੈ, 'ਏਹ ਮੁਦਾਵਣੀ **ਸਤਿਗੁਰੂ** ਪਾਈ ਗੁਰਸਿਖਾ ਲਧੀ ਭਾਲਿ॥' (੬੪੫) ਭਾਵ ਗੁਰੂ ਜੀ ਦੀ ਪਾਈ ਪਹੇਲੀ ਨੂੰ ਸਿਖਾਂ ਲਭ ਲਿਆ ਹੈ। ਫਿਰ ਇਸ ਬੁਝੀ ਹੋਈ ਬੁਝਾਰਤ ਨੂੰ ਗੁਰੂ ਅਰਜਨ ਦੇਵ ਜੀ ਨੂੰ ਖੋਲ੍ਹਣ ਦੀ ਕੀ ਲੋੜ ਸੀ ? ਜੇ ਇਹ ਬੁਝਾਰਤ ਦਾ ਹੀ ਉਤਰ ਹੈ ਤਾਂ ਇਹ ਸ਼ਬਦ ਸੋਰਠਿ ਦੀ ਵਾਰ ਵਿਚ ਹੀ ਆਉਣਾ ਚਾਹੀਦਾ ਸੀ। ਖ਼ੈਰ, ਇਥੇ ਅਖ਼ੀਰ ਤੇ ਪੰਚਮ ਗੁਰੂ ਦੇ ਉਚਾਰੇ ਜੋ ਮੁੰਦਾਵਣੀ ਸਿਰਲੇਖ ਹੇਠ ਸ਼ਬਦ ਹਨ, ਇਹ ਮੁਦਾਵਣੀ ਸ਼ਬਦ ਨਹੀਂ, ਸਗੋਂ ਮੁੰਦ ਧਾਤੂ ਤੋਂ ਬਣਿਆ 'ਮੁੰਦਾਵਣੀ' ਸ਼ਬਦ ਹੈ। ਇਸ ਦੇ ਅਰਥ ਹਨ ਸਮਾਪਤੀ ਦੀ ਮੋਹਰ ਛਾਪ। ਗੁਰੂ ਗ੍ਰੰਥ ਕੋਸ਼, ਬਾਣੀ ਬਿਉਰਾ, ਮਹਾਨ ਕੋਸ਼ ਤੇ ਫਰੀਦਕੋਟੀ ਟੀਕੇ ਵਿਚ ਇਹੋ ਅਰਥ ਕੀਤੇ

ਗਏ ਹਨ। ਮਗਰ ਹੁਣ ਗੁਰੂ ਗ੍ਰੰਥ ਕੋਸ਼ ਤੇ ਬਾਣੀ ਬਿਉਰੇ ਦੀ ਨਵੀਂ ਐਡੀਸ਼ਨ ਵਿਚ ਮੂਲ ਲੇਖਕਾਂ ਦੇ ਅਰਥ ਬਦਲ ਕੇ 'ਮੁਦਾਵਣੀ' ਤੇ 'ਮੁੰਦਾਵਣੀ' ਨੂੰ ਇਕੋ ਸ਼ਬਦ ਬਣਾ ਕੇ ਬੁਝਾਰਤ ਅਰਥ ਕੀਤਾ ਗਿਆ ਹੈ। ਐਸੀ ਕਾਰ ਕਿਸੇ ਕਲਾਕਾਰ ਆਤਮਾ ਲਈ ਸੋਭਦੀ ਨਹੀਂ, ਪਰੰਤੂ ਰਾਗ-ਮਾਲਾ ਨੂੰ ਬਾਣੀ ਸਾਬਤ ਕਰਨ ਲਈ ਅਜਿਹਾ ਕੰਮ ਕਰਨਾ ਵੀ ਅਯੋਗ ਨਹੀਂ ਸਮਝਿਆ ਗਿਆ।

ਇਥੇ ਅਸੀਂ ਗਵਾਹੀ ਦੇ ਤੌਰ ਤੇ ਰਾਗਮਾਲਾ ਨੂੰ ਗੁਰਬਾਣੀ ਨਾ ਮੰਨਣ ਵਾਲਿਆਂ ਵਿਦਵਾਨਾਂ ਦੇ ਕੇਵਲ ਨਾਮ ਦੇਂਦੇ ਹਾਂ, ਜਿਸ ਤੋਂ ਪਤਾ ਲਗ ਸਕੇ ਕਿ ਸਿਆਣੇ ਪੁਰਸ਼ਾਂ ਦੀ ਇਸ ਸੰਬੰਧੀ ਕੀ ਰਾਇ ਹੈ: ਮਹਾਂ ਕਵੀ ਸੰਤੋਖ ਸਿੰਘ, ਪੰ: ਤਾਰਾ ਸਿੰਘ ਨਰੋਤਮ, ਗਿ: ਦਿਤ ਸਿੰਘ, ਪ੍ਰੋ: ਗੁਰਮੁਖ ਸਿੰਘ, ਗਿ: ਗਿਆਨ ਸਿੰਘ, ਸਾਧੂ ਗੋਬਿੰਦ ਸਿੰਘ ਨਿਰਮਲਾ, ਪੰ: ਹਜ਼ਾਰਾ ਸਿੰਘ, ਪੰ: ਬਸੰਤ ਸਿੰਘ, ਕਨਿੰਘਮ, ਮੈਕਾਲਫ਼, ਭਾ: ਕਾਨ੍ਹ ਸਿੰਘ, ਭਾ: ਸਾ: ਭਾ: ਰਣਧੀਰ ਸਿੰਘ, ਮਾ: ਮੋਤਾ ਸਿੰਘ, ਗਿ: ਸ਼ੇਰ ਸਿੰਘ, ਬਾਬੂ ਤੇਜਾ ਸਿੰਘ, ਮਾ: ਮਹਿਤਾਬ ਸਿੰਘ. ਮਾ: ਤਾਰਾ ਸਿੰਘ, ਗਿ: ਨਾਹਰ ਸਿੰਘ, ਪ੍ਰਿੰ: ਧਰਮਾਨੰਤ ਸਿੰਘ, ਸ: ਜੀ. ਬੀ. ਸਿੰਘ, ਪ੍ਰੋ: ਤੇਜਾ ਸਿੰਘ, ਪ੍ਰਿੰ: ਗੰਗਾ ਸਿੰਘ, ਪ੍ਰੋ: ਗੰਡਾ ਸਿੰਘ, ਪ੍ਰੋ: ਸਾਹਿਬ ਸਿੰਘ, ਗਿ: ਬਾਦਲ ਸਿੰਘ, ਸ: ਸ਼ਮਸ਼ੇਰ ਸਿੰਘ ਅਸ਼ੋਕ, ਪੰ: ਕਰਤਾਰ ਸਿੰਘ ਦਾਖਾ, ਬਾਵਾ ਹਰਕਿਸ਼ਨ ਸਿੰਘ, ਪ੍ਰੋ: ਕਰਤਾਰ ਸਿੰਘ, ਸ: ਰਣਧੀਰ ਸਿੰਘ ਰੀਸਰਚ ਸਕਾਲਰ, ਪ੍ਰੋ: ਗੁਰਬਚਨ ਸਿੰਘ ਤਾਲਬ, ਗਿ: ਹੀਰਾ ਸਿੰਘ ਦਰਦ, ਡਾ: ਤ੍ਰਿਲੋਚਨ ਸਿੰਘ, ਪ੍ਰਿੰ: ਗੁਰਮੁਖ ਨਿਹਾਲ ਸਿੰਘ, ਪ੍ਰਿੰ: ਨਿਰੰਜਨ ਸਿੰਘ ਆਦਿਕ ਸਿਆਣੇ ਤੇ ਖੋਜੀ ਸਜਣ ਰਾਗਮਾਲਾ ਨੂੰ ਬਾਣੀ ਨਹੀਂ ਮੰਨਦੇ। ਗਿ: ਗਿਆਨ ਸਿੰਘ ਜੀ ਨੇ ਦਸਿਆ ਹੈ ਕਿ ਦੀਪਮਾਲਾ ਤੇ ੧੯੦੬ ਬਿ: ਵਿਚ 'ਰਾਗਮਾਲਾ ਗੁਰਬਾਣੀ ਨਹੀਂ' ਦਾ ਪੰਥਕ ਫ਼ੈਸਲਾ ਵੀ ਹੋ ਚੁਕਿਆ ਹੈ। ਗਿਆਨੀ ਜੀ ਲਿਖਦੇ ਹਨ :—

ਸੰਮਤ ਉਨੀ ਸੌ ਛੇ ਮਾਹ। ਬਿਕ੍ਰਮ ਪਾਵਨ ਕਤਕ ਆਹਿ।
ਸੰਤ ਦਿਆਲ ਸਿੰਘ ਕੇ ਡੇਰੇ। ਪੰਥ ਇਕੱਠਾ ਭਯੋ ਵਧੇਰੇ।

ਇਸ ਪਰ ਭਯੋ ਵੀਚਾਰ ਅਪਾਰਾ। ਦੀਪਮਾਲ ਪਰ ਨਿਰਨੇਵਾਰਾ।
ਭਯੋ ਨਿਬੇਰ ਵੀਚਾਰਿਓ ਯਾ ਹੈ। **ਰਾਗਮਾਲਾ ਗੁਰਬਾਣੀ ਨਾ ਹੈ।**
[੧੦ ਅਪ੍ਰੈਲ ੧੯੧੮, 'ਪੰਥ ਸੇਵਕ' ਲਾਹੌਰ

ਇਸ ਤੋਂ ਪਿਛੋਂ 'ਰਹਿਤ ਮਰਯਾਦਾ ਖਰੜਾ' ਰਚਣ ਸਮੇਂ ਵੀ ਪੰਥਕ ਵਿਦਵਾਨਾਂ ਨੇ ਮੁੰਦਾਵਣੀ ਤੇ ਭੋਗ ਪਾਉਣ ਦਾ ਹੀ ਫ਼ੈਸਲਾ ਕੀਤਾ। ਪਰੰਤੂ ਬਾਵਜੂਦ ਵਿਦਵਾਨਾਂ ਤੇ ਪੰਥਕ ਫ਼ੈਸਲੇ ਦੇ ਭਾ: ਵੀਰ ਸਿੰਘ ਜੀ ਨੇ ਗੁਰੂ ਗ੍ਰੰਥਿ ਕੋਸ਼ ਦੀ ਅੰਤਕਾ ਵਿਚ ਗੁਰਮਤਿ ਸੰਗੀਤ ਨਿਰਣਯ ਤੇ ਖੁਲਾਸਾ ਭੇਦ ਪ੍ਰਭੇਦ ਆਦਿ ਸਿਰਲੇਖ ਹੇਠਾਂ ਇਕ ਨਵੀਂ ਘਾੜਤ ਘੜੀ ਕਿ ਗੁਰਮਤਿ ਸੰਗੀਤ ਬਾਕੀ ਮਤਾਂ ਨਾਲੋਂ ਵਖਰਾ ਸੰਗੀਤ ਮਤ ਹੈ ਜੋ ਕਿ ਗੁਰੂ ਅਰਜਨ ਦੇਵ ਜੀ ਨੇ ਰਾਗਮਾਲਾ ਰਚ ਕੇ ਪ੍ਰਗਟ ਕੀਤਾ ਹੈ, ਇਸ ਲਈ ਰਾਗਮਾਲਾ ਗੁਰਬਾਣੀ ਹੈ। 'ਖਾਲਸਾ ਸਮਾਚਾਰ' ਅਖ਼ਬਾਰ ਨੇ ਬਹੁਤ ਵੇਰ ਇਨ੍ਹਾਂ ਬੇਬੁਨਿਆਦ ਦਲੀਲਾਂ ਨੂੰ ਦੁਹਰਾਇਆ, ਜਿਸ ਦਾ ਕਈ ਵਿਦਵਾਨਾਂ ਵਲੋਂ ਮੂੰਹ-ਤੋੜ ਉਤਰ ਮਿਲਦਾ ਰਿਹਾ। ਪਰੰਤੂ ਭਾਈ ਵੀਰ ਸਿੰਘ ਜੀ ਦੀ ਬਜ਼ੁਰਗੀ ਕਰਕੇ ਯਾ ਕਿਸੇ ਹੋਰ ਕਾਰਨ ਕਰਕੇ ਕਿਸੇ ਸੱਜਣ ਨੇ ਭਾਈ ਸਾਹਿਬ ਯਾ ਡਾਕਟਰ (ਬਲਬੀਰ ਸਿੰਘ) ਜੀ ਦੇ ਲਿਖੇ ਗੁਰਮਤਿ ਸੰਗੀਤ ਨਿਰਣਯ ਦਾ ਪਾਜ ਖੋਲ੍ਹਣ ਲਈ ਕਲਮ ਨਾ ਉਠਾਈ।

ਗਿ: ਅਰਜਨ ਸਿੰਘ ਜੀ ਨੇ ਪੁਸਤਕ 'ਰਾਗਮਾਲਾ ਨਿਰਣਯ'* ਲਿਖ ਕੇ ਇਸ ਕਚੇ ਕੋਟ ਨੂੰ ਗਿਰਾਉਣ ਦਾ ਯਤਨ ਕੀਤਾ ਹੈ। ਆਪ ਸੰਸਕ੍ਰਿਤ ਤੇ ਹਿੰਦੀ ਦੇ ਚੰਗੇ ਵਿਦਵਾਨ ਤੇ ਮੰਨੇ ਪ੍ਰਮੰਨੇ ਪ੍ਰਸਿਧ ਸੰਪ੍ਰਦਾਈ ਗਿਆਨੀ ਹਨ। ਆਪ ਨੇ ਇਸ ਵਿਸ਼ੇ ਤੇ ਰੌਸ਼ਨੀ ਪਾਉਂਦਿਆਂ ਦਸਿਆ ਹੈ ਕਿ ਆਲਮ ਦੀ ਇਸ ਰਚਨਾ ਨੂੰ ਸੰਗੀਤਕ ਨਜ਼ਰੀਏ ਤੋਂ 'ਰਾਗਮਾਲਾ' ਆਖਣਾ ਵੀ ਭਾਰੀ ਭੁਲ ਹੈ, ਫਿਰ ਇਸ ਨੂੰ ਗੁਰਮਤਿ ਸੰਗੀਤ ਦੀ ਬੁਨਿਆਦ ਬਣਾਉਣਾ ਬਿਲਕੁਲ ਹੀ ਬੇਬੁਨਿਆਦ ਗੱਲ ਹੈ, ਜਦੋਂ ਕਿ ਗੁਰਮਤਿ ਸੰਗੀਤ ਹੀ ਕੋਈ ਚੀਜ਼ ਨਹੀਂ। ਗੁਰਮਤਿ ਤਾਂ ਇਕ ਜੀਵਨ-ਫ਼ਿਲਾਸਫੀ ਹੈ, ਨਾ ਕਿ ਗਾਉਣ ਵਿਦਿਆ? ਬਾਣੀ ਬਿਉਰੇ ਦੇ ਰਾਗ ਨਿਰਣੇ ਨੂੰ ਵੀ ਲੇਖਕ ਨੇ ਚੰਗੀ ਤਰ੍ਹਾਂ ਖੋਜ ਪੜਤਾਲ ਨਾਲ ਗਲਤ ਸਾਬਤ ਕੀਤਾ ਹੈ।

*ਇਹ ਪੁਸਤਕ ੧੯੪੮ ਈਸਵੀ ਤਕ ਛਪ ਚੁਕੀ ਸੀ।

# ਮੁੰਦਾਵਣੀ

[ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ]

ਇਸ ਪਦ "ਮੁੰਦਾਵਣੀ" ਅਤੇ ਸੋਰਠ ਦੀ ਵਾਰ ਵਿਚ ਆਏ "ਮੁਦਾਵਣੀ" ਪਦ ਦੀ ਬਣਤਰ ਵਿਚ ਬਹੁਤ ਫ਼ਰਕ ਹੈ। ਲਗਾਂ ਮਾਤ੍ਰਾਂ ਦੇ ਜਾਣੂ ਅਤੇ ਖੋਜੀ ਪੁਰਸ਼ਾਂ ਨੂੰ ਤਾਂ ਇਹ ਫ਼ਰਕ ਸਾਫ਼ ਸਪੱਸ਼ਟ ਹੀ ਦਿਸ ਆਉਂਦਾ ਹੈ। 'ਮੁੰਦਾਵਣੀ' ਪਦ ਦੇ ਔਂਕੁੜ ਵਾਲੇ ਮਮੇ ਅਖਰ ਉਪਰ ਸਾਫ਼ ਟਿੱਪੀ ਲਗੀ ਹੋਈ ਹੈ (ਬਿੰਦੀ ਨਹੀਂ) ਅਤੇ 'ਮੁਦਾਵਣੀ' (ਦੂਜੇ) ਪਦ ਦੇ ਔਂਕੁੜ ਵਾਲੇ ਮਮੇ ਅਖਰ ਉਤੇ ਟਿੱਪੀ ਉੱਕੀ ਹੀ ਨਹੀਂ। ਇਹ 'ਮੁਦਾਵਣੀ' ਪਦ ਉਸ ਵਾਰ ਵਿਚ ਇਕ ਵਾਰ ਨਹੀਂ, ਦੋ ਵਾਰ ਆਇਆ ਹੈ। ਅਤੇ ਇਕੋ ਸਲੋਕ ਵਿਚ ਕੋਲੋਂ ਕੋਲੀ ਦੋ ਵਾਰ ਆਇਆ ਹੈ, ਪਰ ਆਇਆ ਹੈ ਟਿੱਪੀ ਰਹਿਤ ਹੀ, ਯਥਾ–

ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ ॥
ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ ॥

[ਸਲੋਕੁ ਮ: ੩, ਸੋਰਠਿ ਕੀ ਵਾਰ

ਇਸ ਪਦ ਦੀ ਸਪਸ਼ਟ ਬਣਤਰ ਨੂੰ (ਮਮੇ ਟਿੱਪੀ ਰਹਿਤ ਬਣਤਰ ਨੂੰ) ਸਾਫ਼ ਦੇਖ ਪੜ੍ਹ ਕੇ, ਪਤਾ ਨਹੀਂ ਕੀ ਸਿਆਣੇ ਗਿਆਨੀ ਅਰਥੀਏ (ਬੜੇ ਬੜੇ ਪ੍ਰਸਿਧ ਭੂਸ਼ਨ, ਚੋਟੀ ਦੇ ਮੰਨੇ ਪਰਮੰਨੇ ਲਿਖਾਰੀ ਭੂਸ਼ਨ) ਕਿਉਂ ਮਨੋ ਮਨੀ ਅਤੇ ਮੱਲੋ ਮੱਲੀ ਇਸ ਪਦ ਨੂੰ ਮਮੇ ਟਿੱਪੀ ਸਹਿਤ 'ਮੁੰਦਾਵਣੀ' ਪਦ ਨਾਲ ਗੱਡ ਮੱਡ ਕਰ ਕੇ ਇਕੋ-ਬਣਤਰਾ ਜਣਾਉਂਦੇ ਹਨ। ਜੇਹੜੇ ਗਿਆਨੀ-ਜਨ ਲਗ ਮਾਤ੍ਰੀ ਨਿਯਮਾਂ ਤੋਂ ਅਨਜਾਣ ਹਨ ਉਹ ਤਾਂ ਮਨ-ਭਾਉਂਦੇ ਵਹਿਣਾਂ ਵਿਚ ਪੈ ਜਾਣ ਤਾਂ ਕੋਈ ਹੈਰਾਨੀ ਵਾਲੀ

ਗੱਲ ਨਹੀਂ, ਪਰ ਲਗਾਂ ਮਾਤ੍ਰਾਂ ਦੇ ਸ਼ਰਧਾਵਾਨ ਸ਼ਬਦਾਰਥੀਏ ਪ੍ਰੋਫੈਸਰ ਜਨ ਭੀ ਕੋਸ਼-ਵਿਦਵਾਨੀਆਂ ਦੇ ਪਿਛੇ ਲਗ ਕੇ ਉਸੇ ਵਹਿਣ ਵਿਚ ਵਹਿ ਤੁਰੇ ਹਨ ਅਤੇ 'ਮੁੰਦਾਵਣੀ' ਪਦ ਨੂੰ 'ਮੁਦਾਵਣੀ' ਪਦ ਦੇ ਨਾਲ ਹੀ ਖਲਤ ਮਲਤ ਕਰ ਦਿੰਦੇ ਹਨ। ਟਿੱਪੀ ਲਗੀ ਹੋਈ ਦੀ ਪ੍ਰਵਾਹ ਹੀ ਕੁਛ ਨਹੀਂ ਕਰਦੇ।

ਖਾ: ਟਰੈਕਟ ਸੋਸਾਇਟੀ ਦੇ ਕੋਸ਼ ਦੀ ਸਭ ਤੋਂ ਪਹਿਲੀ ਐਡੀਸ਼ਨ ਵਿਚ 'ਮੁੰਦਾਵਣੀ' ਦੇ ਅਰਥ ਨਿਖੜਵੇਂ ਮੋਹਰ-ਛਾਪ ਦੇ ਹੀ ਲਿਖੇ ਹੋਏ ਪਾਏ ਜਾਂਦੇ ਹਨ। ਉਸ ਪ੍ਰਿਥਮ ਐਡੀਸ਼ਨੀ ਕੋਸ਼ ਵਿਚ ਸਾਫ਼ ਤੌਰ ਤੇ ਮੁੰਦਣ ਤੋਂ ਮੁੰਦਾਵਣੀ ਬਾਣੀ ਦਸ ਕੇ ਇਹ ਸਪਸ਼ਟ ਲਿਖਿਆ ਗਿਆ ਹੈ ਕਿ ਗੁਰਬਾਣੀ ਦੇ ਸਮਾਪਤ ਹੋਣ ਦੀ ਇਥੇ ਮੋਹਰ ਲਗ ਗਈ। ਬਾਣੀ ਲਿਖਣੀ, ਬਸ ਮੁੰਦਾਵਣੀ ਤੇ ਮੁੰਦੀ ਗਈ। ਇਸ ਤੋਂ ਅਗੇ ਗੁਰਬਾਣੀ ਨਹੀਂ। ਪਰ ਹੁਣ ਦ ਨਵੀਨ ਕੋਸ਼ਾਂ ਵਿਚ ਰਾਗਮਾਲਾ ਨੂੰ ਗੁਰਬਾਣੀ ਸਿਧ ਕਰਨ ਦੇ ਪੱਖੀ ਹੋਣ ਕਰਿ (ਕਰ ਕੇ) ਇਸ 'ਮੁੰਦਾਵਣੀ' ਪਦ ਨੂੰ 'ਮੁਦਾਵਣੀ' ਪਦ ਦੀ ਤੁਲਤਾ ਹੀ ਦੇ ਦਿਤੀ ਹੈ ਅਤੇ ਮੋਹਰ ਛਾਪ ਦੇ ਥਾਉਂ ਅਰਥ ਬੁਝਾਰਤ ਦੇ ਕਰ ਦਿਤੇ ਹਨ।

'ਮੁੰਦਾਵਣੀ' ਪਦ ਦੇ ਅਰਥ 'ਬੁਝਾਰਤ' (ਅੜਾਉਣੀ) ਕਰਨੇ ਨਿਰੇ ਮਨੋ-ਮਨੀ ਦੇ ਅਰਥ ਹਨ। ਰਾਗਮਾਲਾ ਦਾ ਪ੍ਰਬਲ ਖ਼ਿਆਲ ਜਿਨ੍ਹਾਂ ਨੂੰ ਲਗਾ ਹੋਇਆ ਹੈ ਓਹੀ ਇਹ ਮਨ-ਘੜਤ ਅਰਥ ਕਰਦੇ ਹਨ।

'ਮੁਦਾਵਣੀ' ਪਦ ਦੀ ਮੁਢ ਕਾਢ (Clear creation) 'ਮੁਦ' ਪਦ ਤੋਂ ਹੈ, ਜਿਸ ਦਾ ਭਾਵ (ਮੁੱਦਤਾ) ਖੁਸ਼ੀ ਦਾ ਹੈ। ਬੁਝਾਰਤ ਦਾ ਭਾਵ ਕੈਸਾ ? ਨਿਰੀ ਖਿੱਚ ਹੈ, ਖਿੱਚ-ਪਖੀਆਂ ਦੀ। ਖਿੱਚੂਆਂ ਨੇ ਇੰਨ ਬਿੰਨ ਇਸ 'ਮੁਦਾਵਣੀ' ਪਦ ਵਾਲੇ ਗੁਰਵਾਕ (ਸਲੋਕ) ਦੇ ਅਰਥ ਭੀ ਉਹੀ ਕੀਤੇ ਹਨ ਜੋ 'ਮੁੰਦਾਵਣੀ' ਵਾਲੇ ਮੋਹਰ-ਛਾਪੀ ਗੁਰਵਾਕ ਦੇ ਹਨ। ਦੇਖੋ ਦੋਹਾਂ ਗੁਰਵਾਕਾਂ ਦੀ ਮੂਲ ਰਚਨਾ ਵਿਚ ਹੀ ਕਿਤਨਾ ਫਰਕ ਹੈ। 'ਮੁਦਾਵਣੀ' ਵਾਲੇ ਗੁਰਵਾਕ (ਸਲੋਕ) ਦੀ ਰਚਨਾ ਇਉਂ ਹੈ—

ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ ॥
ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ ॥
ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ ॥
ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ ॥
ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ ॥
ਨਾਨਕ ਜਿਸੁ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ ॥

੧॥੮॥ ਸਲੋਕੁ ਮ: ੩, ਵਾਰ ਸੋਰਠ, ਪੰਨਾ ੬੪੫

= ਹਿਰਦੇ ਰੂਪੀ ਥਾਲ ਵਿਚ ਹਰਿ ਭੋਜਨੁ (ਭਜਨ) ਰੂਪੀ ਤਤਸਾਰ ਅੰਮ੍ਰਿਤ ਵਸਤੂ ਤੈਸੀ (ਤੇਹੋ ਜਿਹੀ) ਪਈ ਹੈ ਜਿਸ ਦੇ ਖਾਧਿਆਂ (ਭੁੰਚਿਆਂ) ਹੀ ਮਨੂਆ ਤ੍ਰਿਪਤੀਂਵਦਾ (ਤ੍ਰਿਪਤ ਹੁੰਦਾ) ਹੈ ਅਤੇ ਮੋਖ ਦੁਆਰ ਨੂੰ ਪ੍ਰਾਪਤ ਹੁੰਦਾ ਹੈ।

ਹੇ ਸੰਤਹੁ, ਇਹ ਅੰਮ੍ਰਿਤ ਨਾਮ (ਭਜਨ ਰੂਪੀ) ਭੋਜਨ ਬੜਾ ਹੀ ਦੁਰਲਭ ਹੈ। ਗੁਰੂ ਬਖ਼ਸ਼ੀ ਦੀਖਿਆ ਦੀ ਅਭਿਆਸ ਕਮਾਈ ਦੁਆਰਾ ਹੀ ਲਭਦਾ ਹੈ, ਐਵੇਂ ਨਹੀਂ ਲਭਦਾ। ਇਹ ਸਦ ਸਦਾ ਸ੍ਵਾਦ ਕਰਨਹਾਰੀ ਅਹਿਲਾਦ-ਮਈ 'ਮੁਦਾਵਣੀ' (ਨਾਮ ਅੰਮ੍ਰਿਤ-ਭੋਜਨ) ਸਦਾ ਹਿਰਦੇ (ਉਰਿ) ਅੰਦਰ ਧਾਰੀ ਹੀ ਰਖੀਏ। ਸਦਾ ਇਸ ਦਾ ਭੋਜਨ ਕਰੀ ਹੀ ਜਾਈਏ। ਇਸ ਨੂੰ ਕਿਉਂ ਹਿਰਦੇ ਵਿਚੋਂ ਕਢੀਏ ? ਭਾਵ, ਕਦੇ ਵੀ ਇਸ ਭਜਨ (ਭੋਜਨ) ਮਈ ਅੰਮ੍ਰਿਤ ਮੁਦਾਵਣੀ ਨੂੰ ਹਿਰਦੇ ਵਿਚੋਂ ਨਾ ਕਢੀਏ। ਇਹ ਆਨੰਦ ਅਹਿਲਾਦ, ਮੁਦਤਾ ਮਈ ਮੁਦਾਵਣੀ ਸਚੇ ਸਾਹਿਬ ਸਤਿਗੁਰੂ ਨੇ ਆਪਣੇ ਪਰਮ ਪ੍ਰਸਾਦਿ ਕਰਿ ਗੁਰਸਿਖਾਂ ਤਾਈਂ ਲੁਭਾਈ ਪ੍ਰਾਪਤ ਕਰਾਈ ਹੈ। ਅਤੇ ਗੁਰੂ ਵਰੋਸਾਏ ਗੁਰਸਿਖਾਂ ਨੇ ਹੀ ਅਤੁਟ ਅਭਿਆਸ ਕਮਾਈਆਂ ਕਰ ਕਰ ਕੇ ਹਿਰਦੇ ਅੰਦਰੋਂ ਹੀ ਭਾਲ ਟੋਲ ਕੇ ਲਭ ਲਈ ਹੈ। (ਭਾਵ, ਜਿਨ੍ਹਾਂ ਗੁਰਸਿਖਾਂ ਉਤੇ ਗੁਰੂ ਸਤਿਗੁਰੂ ਦੀ ਸੰਤੁਸ਼ਟਤਾ ਮਈ ਪਰਮ ਪ੍ਰਸਾਦੀ ਨਦਰ ਮੇਹਰ ਹੋਈ ਹੈ ਤਿਨ੍ਹਾਂ ਗੁਰਸਿਖਾਂ ਨੂੰ ਹੀ ਗੁਰ ਪ੍ਰਸਾਦਿ ਸਪੰਨ ਮੁਦਾਵਣੀ ਹਿਰਦੇ ਅੰਦਰੋਂ ਲਭਣੀ ਨਸੀਬ ਹੋਈ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਜਿਸ ਨੂੰ ਸਤਿਗੁਰੂ ਸਚਾ ਪਾਤਸ਼ਾਹ ਆਪਣੀ

ਨਦਰ ਕਰ ਬੁਝਾਇ ਲਖਾਇ, ਸੋਈ ਇਸ ਅੰਮ੍ਰਿਤ ਨਾਮ ਮਈ ਮੁਦਾਵਣੀ ਨੂੰ ਬੁਝਦਾ ਲਖਦਾ ਹੈ। ਇਸ ਅੰਮ੍ਰਿਤ ਨਾਮ ਮਈ ਪਰਮ ਪ੍ਰਸਾਦੀ ਮੁਦਾਵਣੀ (ਗੁਰ ਦੀਖਿਆ) ਦੀ ਭਜਨ-ਕਮਾਈ ਦੀ ਅਤੁੱਟ ਘਾਲਣਾ ਗੁਰਸਿਖ ਜਨ ਕਰਦੇ ਹਨ। ਜਿਸ ਗੁਰਮੁਖ ਜਨ ਨੇ ਇਹ ਘਾਲਣਾ ਘਾਲੀ ਹੈ ਤਿਸੇ ਨੇ ਹੀ ਵਾਹਿਗੁਰੂ ਪ੍ਰਮਾਤਮਾ ਨੂੰ ਪ੍ਰਾਪਤ ਕੀਤਾ ਹੈ, ਅੰਦਰੋਂ ਹੀ ਜੋਤਿ ਪ੍ਰਕਾਸ਼ ਨੂੰ ਪ੍ਰਗਟਾਇ ਕੈ। 'ਥਾਲੈ' = ਹਿਰਦੇ ਰੂਪੀ ਖਾਸ ਥਾਲ ਵਿਖੇ। 'ਥਾਲੈ ਵਿਖੇ–ਥਾਲ' ਦੀ ਇਕ ਲਾਮ ਤਾਂ ਖ਼ਾਸ ਥਾਲ ਦੀ ਬੋਧਕ ਹੈ ਤੇ ਦੂਜੀ ਲਾਮ 'ਵਿਖੇ' ਦੇ ਅਰਥ ਅਰਥਾਉਂਦੀ ਹੈ। 'ਥਾਲੈ ਵਿਚਿ' (ਖ਼ਾਸ ਹਿਰਦੇ ਰੂਪੀ ਥਾਲ ਵਿਖੇ)।

'ਤੈ' ਪਦ ਦੇ ਅਰਥ ਤਿੰਨ ਨਹੀਂ।

ਬਹੁਤ ਸਾਰੇ ਪਾਠੀ ਗਿਆਨੀ ਅਰਥਈਏ 'ਤੈ' ਪਦ ਨੂੰ 'ਤ੍ਰੈ' ਕਰ ਕੇ ਪਾਠਾਵੰਦੇ ਹਨ। ਤਿੰਨ ਗਿਣਤੀ ਦੇ ਅਰਥਾਂ ਵਿਚ ਅਰਥਾਵੰਦੇ ਹਨ। ਤਤੇ ਦੇ ਪੈਰ ਰਾਰਾ ਹੈ ਹੀ ਨਹੀਂ, ਐਵੇਂ ਹੀ ਉਠਾਉਂਦੇ ਹਨ ਅਤੇ ਗੁਰਬਾਣੀ ਅੰਦਰ ਕਿਤੇ ਭੀ 'ਤੈ' ਪਦ ਨੂੰ 'ਤ੍ਰੈ' ਦੇ ਭਾਵ ਵਿਚ ਨਹੀਂ ਲਿਆ ਗਿਆ। ਦੂਜੀ ਸ਼੍ਰੇਣੀ ਦੇ ਗਿਆਨੀ 'ਤੈਂ' ਬਿੰਦੇ ਨਾਲ ਪਾਠ ਪਠਾਇ ਕੇ, ਗੁਰੂ ਅਕਾਲ ਪੁਰਖ ਦੇ ਸਨਮੁਖ ਸੰਬੋਧਨ ਕਰ ਕੇ ਅਰਥ ਬਣਾਉਂਦੇ ਹਨ ਕਿ ਹੇ ਗੁਰੂ ਅਕਾਲ ਪੁਰਖ, ਤੈਂ ਪਾਈ ਹੈ ਥਾਲੇ ਵਿਚ ਵਸਤੂ। ਪ੍ਰੰਤੂ 'ਪਇਓ' ਪਦ ਦਾ ਅਰਥ ਕਦੇ ਪਾਇਓ ਨਹੀਂ ਹੋ ਸਕਦਾ। ਵਸਤੂ ਪਈ ਹੈ (ਪਾਈ ਨਹੀਂ)। 'ਹਰਿ ਭੋਜਨੁ ਅੰਮ੍ਰਿਤੁ ਸਾਰੁ' ਰੂਪੀ ਵਸਤੂ ਇਕੋ ਹੀ ਹੈ. ਤਿੰਨ ਵਸਤੂਆਂ ਨਹੀਂ। ਇਉਂ ਭੀ 'ਤੈ' ਦੇ ਅਰਥ 'ਤ੍ਰੈ', ਭਾਵ, ਤਿੰਨ ਦੇ ਨਹੀਂ ਹੋ ਸਕਦੇ। 'ਭੋਜਨੁ' ਤੇ 'ਅੰਮ੍ਰਿਤੁ' ਅਤੇ 'ਸਾਰੁ' ਪਦਾਂ ਨੂੰ ਔਂਕੁੜ ਲਗੇ ਮਈ (ਰੂਪੀ) ਦਾ ਅਰਥ ਦਿੰਦੇ ਹਨ। ਵਖ ਵਖ ਵਸਤੂਆਂ ਨਹੀਂ ਇਹ ਤਿੰਨੇ। ਹਰਿ ਨਾਮ ਹੀ ਸਾਰ ਵਸਤੂ ਹੈ ਅਤੇ ਭੋਜਨ ਮਈ ਅੰਮ੍ਰਿਤ ਵਸਤੂ ਹੈ। 'ਜਿਤੁ' ਪਦ 'ਤੈ ਵਸਤੂ' (ਤਿਤ ਵਸਤੂ) ਦੇ ਝਰੋਖੜੇ ਵਿਚ ਆਇਆ। ਜਿਸ ਵਸਤੂ ਦੇ ਖਾਧਿਆਂ ਮਨ

ਤ੍ਰਿਪਤੀਂਦਾ ਹੈ। ਤਿਹ (ਸਾ) ਵਸਤੂ ਪਈ ਹੋਈ ਹੈ ਹਿਰਦੇ ਅੰਦਰ। ਇਹ ਵਸਤੂ ਸਾਰ ਵਸਤੂ ਹੈ। ਇਸ ਕਰਕੇ ਇਹੀ ਸਤਿ ਪਦਾਰਥੁ ਹੈ। ਇਸ ਵਸਤੂ ਦੇ ਖਾਧਿਆਂ ਮਨ ਤ੍ਰਿਪਤੀਵੰਦਾ ਹੈ। ਕੇਵਲ ਅੰਮ੍ਰਿਤ ਨਾਮ ਭੋਜਨ ਰੂਪੀ ਸਾਰ-ਵਸਤੂ ਦੇ ਭੁੰਚਣ ਕਰਿ ਮਨ ਨੂੰ ਸਚੀ ਤ੍ਰਿਪਤੀ ਆਉਂਦੀ ਹੈ। ਇਸ ਕਰਕੇ ਸੱਚਾ ਸੰਤੋਖ ਇਸ ਤੋਂ ਉਪਜਦਾ ਹੈ। ਇਸ ਅੰਮ੍ਰਿਤ ਨਾਮ ਰੂਪੀ ਵਸਤੂ ਦੀ ਘਾਲ ਕਮਾਈ ਕੀਤਿਆਂ ਹੀ ਕਰਤਾਰ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ। ਤਾਂ ਤੇ ਇਹੋ ਹੀ ਸਚੀ ਵਿਚਾਰ ਮਈ ਵਸਤੂ ਹੈ। ਵਾਹਿਗੁਰੂ ਦੀ ਪ੍ਰਾਪਤੀ ਤੋਂ ਵਧ ਕੇ ਅਤੇ ਅੰਮ੍ਰਿਤ ਨਾਮ ਰਸ ਦੇ ਸੁਆਦ ਤੋਂ ਚੜ੍ਹ ਕੇ ਹੋਰ ਕੋਈ ਆਨੰਦ ਅਹਿਲਾਦ ਮਈ ਮੁਦਤਾ (ਪ੍ਰਸੰਨਤਾ) ਨਹੀਂ। ਇਸ ਕਰਕੇ ਇਸ ਵਸਤੂ ਦਾ ਨਾਉਂ ਮੁਦਾਵਣੀ ਹੈ। ਮੁਦਤਾ ਆਵਣੀ, ਮੁਦਤਾ (ਪ੍ਰਸੰਨਤਾ) ਲਿਆਵਣੀ, ਜੋਤਿ ਰਸ ਪ੍ਰਗਟਾਵਣੀ, ਵਸਤੂ ਹੋਣ ਕਰਿ ਹੀ ਇਸ ਵਸਤੂ ਨੂੰ 'ਮੁਦਾਵਣੀ' ਕਹਿ ਕੇ ਸੁਭਾਖਿਆ ਗਿਆ ਹੈ। ਇਹ ਅੰਮ੍ਰਿਤ ਪਰਮ ਰਹੱਸਨੀ ਅੰਮ੍ਰਿਤ ਸਾਰ ਭੋਜਨ ਬਿਚੱਖਣੀ ਵਸਤੂ ਸਦ ਸਦਾ ਲਈ ਹਿਰਦੇ ਅੰਦਰ ਧਾਰਨ ਕਰੀ ਰਖਣੀ, ਵਸਾਈ ਰਖਣੀ, ਕਦੇ ਨਾ ਹਿਰਦੇ ਅੰਦਰੋਂ ਕਢਣੀ, ਇਹ ਪਰਮ ਗੁਰੂ ਕਰਤਾਰੀ, ਨਿਰੰਕਾਰੀ ਹੁਕਮ ਹੈ। ਭਲਾ ਇਸ ਦਾ ਨਾਉਂ ਨਿਰੀ ਬੁਝਾਰਤ ਪਾਉਣੀ ਦਸਣਾ ਕਿਧਰਲੀ ਗੁਰਮਤਿ ਹੈ? ਇਸ ਨੂੰ ਅੜਾਉਣੀ ਆਖਣਾ ਕਿਹੜੀ ਗੁਰੂ-ਵੀਚਾਰ (ਗੁਰਮਤਿ ਨਿਖਾਰ) ਹੈ? ਤਾਂ ਤੇ 'ਮੁਦਾਵਣੀ' ਪਦ ਦੇ 'ਬੁਝਾਰਤ' ਜਾਂ 'ਅੜਾਉਣੀ' ਦੇ ਅਰਥ ਕਰ ਕੇ ਅਰਥਈਆਂ ਨੇ ਮਹਿਜ਼ ਆਪਣੀ ਵਿਦਿਆ ਹੀ ਦਰਸਾਈ ਹੈ। ਵਿਦਿਆ ਭੀ ਫੋਕੀ ਖ਼ੁਸ਼ਕ ਵਿਦਿਆ (Dry Philosophy) ਅਤੇ 'ਮੁੰਦਾਵਣੀ' ਪਦ ਹੋਰ ਅਰਥਾਂ ਨਾਲ ਖਲਤ ਮਲਤ ਕੀਤਾ ਹੈ। 'ਮੁੰਦਾਵਣੀ' ਮਮੇ ਔਂਕੜ ਉਪਰਲੀ ਟਿੱਪੀ ਵਾਲਾ ਪਦ 'ਮੁਦਾਵਣੀ' ਟਿਪੀ ਰਹਿਤ ਮਮੇ ਵਾਲੀ ਮੁਦਾਵਣੀ ਤੋਂ ਨਿਰਾਲਾ ਪਦ ਹੈ। ਇਹ ਭੇਦ (ਤਫ਼ੱਰਕਾ) ਗੁਰਬਾਣੀ ਲਗਾਂ ਮਾਤਰਾਂ ਦੇ ਨਿਯਮਾਂ ਦੀ ਗੌਰਵਤਾ ਨੂੰ ਜਣਾਉਂਦਾ (ਪ੍ਰਗਟਾਉਂਦਾ) ਹੈ।

ਹੁਣ ਲਓ 'ਮੁੰਦਾਵਣੀ' ਵਾਲੇ ਛੇਕੜਲੇ ਗੁਰਵਾਕ ਨੂੰ, ਯਥਾ ਗੁਰਵਾਕ–

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥
ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥

ਮੁੰਦਾਵਣੀ ਮ: ੫, ਪੰਨਾ ੧੪੨੯

ਇਸ ਗੁਰਵਾਕ ਦੇ ਅੰਦਰਵਾਰ ਕਿਸੇ ਭੀ ਤੁਕ ਵਿਖੇ 'ਮੁਦਾਵਣੀ' ਨਹੀਂ ਆਇਆ, ਕੇਵਲ ਇਸ ਗੁਰਵਾਕ ਦੇ ਹੈਡਿੰਗ ਤੇ 'ਮੁੰਦਾਵਣੀ ਮਹਲਾ ੫' ਸਿਰਲੇਖ ਲਿਖਿਆ ਹੈ, ਜਿਸ ਦਾ ਸਾਫ਼ ਅਭਿਪਰਾ ਇਹ ਹੈ ਕਿ ਇਥੇ ਗੁਰਬਾਣੀ ਮੁੰਦੀ ਗਈ, ਸਮਾਪਤਿ ਹੋ ਗਈ, ਮੋਹਰ ਛਾਪ ਲਗ ਗਈ। ਏਦੂੰ ਅਗੇ ਗੁਰਬਾਣੀ ਨਹੀਂ ਚਲੇਗੀ। ਅੰਦਰਲਾ ਭਾਵ ਸਿੱਟਾ ਨਾ ਹੀ ਹੈਡਿੰਗ ਬੁਝਾਰਤ ਦੇ ਅਰਥਾਂ ਦਾ ਬੁਝਾਇਕ ਲਖਾਇਕ ਹੈ। ਏਥੇ ਸਿੱਟਾ ਗੁਰਬਾਣੀ ਦਾ ਸਾਰ ਭਾਵ ਪ੍ਰਗਟਾਇਆ ਹੈ। ਗੁਰਬਾਣੀ ਦੇ ਗੁਣ-ਤਾਸੀ ਤਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਥਾਲ ਵਿਖੇ, ਸਮੱਗਰ ਗੁਰਬਾਣੀ ਵਿਖੇ ਜੋ ਸਾਰ ਵਸਤੂ ਹੈ ਉਸ ਨੂੰ ਸੰਖੇਪ ਕਰ ਕੇ ਸਮੁੰਦਰ ਨੂੰ ਕੁਜੇ ਵਿਚ ਲਿਆਉਣ ਵਤ ਦਰਸਾਇਆ ਗਿਆ ਹੈ। ਯਥਾ ਗੁਰਵਾਕ ਭਾਵ ਅਰਥ—

ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਗੁਰਬਾਣੀ ਦੇ ਸਮੂਹ ਤਾਸ ਥਾਲ ਅੰਦਰ ਇਕੋ ਅੰਮ੍ਰਿਤ ਨਾਮ ਹੀ ਅਕਰਖਣ ਕਲਾ ਲਖਾਇਕ ਤਿੰਨ ਵਸਤੂਆਂ ਪਈਆਂ ਹਨ :

(੧) ਅੰਮ੍ਰਿਤ ਨਾਮ ਰੂਪੀ ਸਤੁ ਪਦਾਰਥ।

(੨) ਅੰਮ੍ਰਿਤ ਨਾਮ ਤੋਂ ਉਪਜਿਆ ਸੰਤੁਸ਼ਟਤਾ ਮਈ ਸੱਚਾ ਸੰਤੋਖ, ਭਾਵ, ਅੰਮ੍ਰਿਤ ਨਾਮ ਦੇ ਭੁੰਚਿਆਂ ਹੀ ਤ੍ਰਿਪਤਾਸੀਦਾ ਹੈ ਅਤੇ ਤ੍ਰਿਪਤਾਸ ਕੇ ਪਰਮ ਆਨੰਦ ਨੂੰ ਪ੍ਰਾਪਤ ਹੋਈਦਾ ਹੈ।

(੩) ਅੰਮ੍ਰਿਤ ਨਾਮ ਦੀ ਅਤੁਟ ਘਾਲ ਕਮਾਈ ਹੀ ਸੱਚੀ ਵੀਚਾਰ ਹੈ, ਜੋ ਸਮੱਗਰ ਗੁਰਬਾਣੀ ਵਿਚ ਦਰਸਾਈ ਗਈ ਹੈ।

ਇਹ ਤਿੰਨ ਵਸਤੂਆਂ ਇਕੋ ਅੰਮ੍ਰਿਤ ਨਾਮ ਵਸਤੂ ਦਾ ਸੁਖ ਸਾਰ

ਰੂਪੀ ਵਸਤੂ ਦਾ ਵਿਸਥਾਰ ਹਨ। ਦੂਜੀ ਤੁਕ 'ਅੰਮ੍ਰਿਤ ਨਾਮੁ ਠਾਕੁਰ ਕਾ ਪਇਓ' ਦਸਦੀ ਹੈ ਕਿ ਸਮੁਤੇ ਥਾਲ ਵਿਖੇ ਠਾਕੁਰ (ਵਾਹਿਗੁਰੂ) ਦਾ ਅੰਮ੍ਰਿਤ ਨਾਮ ਹੀ ਪਇਆ ਹੋਇਆ ਹੈ (ਭਰਪੂਰ ਲੀਣਾ ਹੈ)। ਹੋਰ ਦੂਜੀ ਵਸਤੂ ਕਾਈ ਹੈ ਹੀ ਨਹੀਂ। ਅੰਮ੍ਰਿਤ ਨਾਮ ਹੀ ਸਤੁ ਪਦਾਰਥ ਹੈ। ਅੰਮ੍ਰਿਤ ਨਾਮ ਦੀ ਘਾਲ ਕਮਾਈ ਰੂਪੀ ਸਚੀ ਵਿਚਾਰ ਸਮੱਗਰ ਗੁਰਬਾਣੀ ਵਿਖੇ ਦਰਸਾਈ ਗਈ ਹੈ। ਇਹ ਤਿੰਨ ਵਸਤੂਆਂ ਵਖ ਵਖ ਨਹੀਂ, ਇਕੋ ਅੰਮ੍ਰਿਤ ਨਾਮ ਦੀਆਂ ਸਫਲ ਫਲੀਆਂ, ਫੁਲੀਆਂ, ਫੁਲਾਈਆਂ ਸਾਖਤਾਂ ਹਨ। ਇਹ ਸੱਤ ਸੰਤੋਖ ਵੀਚਾਰ ਮਈ ਗਿਣਤੀ ਕੋਈ ਮਹਿਜ਼ ਇਖ਼ਲਾਕੀ ਕੋਡ (Moral Code) ਵਿਚ ਗਿਣੇ ਮਿਣੇ ਆਚਾਰਕ ਤ੍ਰੈਗੁਣੀ-ਗੁਣ ਨਹੀਂ। ਇਹ ਤੁਰੀਆ-ਗੁਣੀ ਦਾਤਾਂ ਹਨ, ਜੋ ਅੰਮ੍ਰਿਤ ਨਾਮ ਇਕੋ ਇਕ ਪ੍ਰਮਾਰਥੀ ਵਥ ਤੋਂ ਉਤਪੰਨ ਹੁੰਦੀਆਂ ਹਨ, ਹੋਰ ਕਿਧਰੋਂ ਭੀ ਨਹੀਂ। ਕਿਸੇ ਭੀ ਮਤ-ਮਤਾਂਤਰੀ ਆਨ ਮਤ ਦੇ ਅਧਿਐਨ ਕੀਤਿਆਂ ਪ੍ਰਾਪਤ ਨਹੀਂ ਹੁੰਦੀਆਂ। ਇਸ ਵਾਹਿਗੁਰੂ ਨਾਮ ਰੂਪੀ ਅੰਮ੍ਰਿਤ ਪਦਾਰਥ (ਵਸਤੂ) ਨੂੰ (ਗੁਰ ਪ੍ਰਸਾਦਿ ਕਰਿ) ਜਿਹੜਾ ਪੁਰਸ਼ ਭੀ ਖਾਂਦਾ ਹੈ, ਸੱਚਾ ਪ੍ਰਸਾਦ ਲਖ ਕੇ ਦਮ-ਬ-ਦਮ ਭੁੰਚਦਾ (ਛਕਦਾ) ਹੈ। ਛਕੀ ਜਾਂਦਾ ਹੈ। 'ਜੇ ਕੋ ਖਾਵੈ' = ਜੋ ਕੋਈ ਭੀ ਮੁਖ ਵਿਚ ਪਾਉਂਦਾ ਹੈ ਅਤੇ ਸਾਸਿ ਗਿਰਾਸਿ ਉਸ ਦਾ ਭੁੰਚਣ ਕਰਦਾ ਹੈ (ਇਸ ਪ੍ਰਸਾਦ ਰੂਪੀ ਪਦਾਰਥ ਨੂੰ ਛਕਦਾ ਹੈ) ਤਿਸੇ ਦਾ ਹੀ ਉਧਾਰ ਹੁੰਦਾ ਹੈ। ਐਵੇਂ ਨਹੀਂ ਹੁੰਦਾ। ਮੂੰਹ ਵਿਚ ਪਾਇਆ ਅਤੇ ਮੁਖ ਵਿਚ ਪਾ ਕੇ ਇਸ ਦਾ ਗਟਾਕ ਰਸ ਭੁੰਚਿਆਂ ਹੀ ਉਧਾਰ (ਸੱਚਾ ਕਲਿਆਣਕ ਉਧਾਰ) ਹੁੰਦਾ ਹੈ। ਇਹ ਗੱਲ ਨਿਸਚੇ ਰਹੇ (ਜੈਸਾ ਕਿ ਸਮੱਗਰ ਗੁਰਬਾਣੀ ਅੰਦਰ ਦਰਸਾਇਆ ਗਇਆ ਹੈ) ਕਿ ਇਹ ਅੰਮ੍ਰਿਤ ਨਾਮ ਰੂਪੀ ਸੱਚਾ ਪਦਾਰਥ ਪ੍ਰਸਾਦ ਕੇਵਲ ਗੁਰ-ਦੀਖਿਆ ਦੁਆਰਾ ਹੀ ਪ੍ਰਾਪਤ ਹੁੰਦਾ ਹੈ। ਗੁਰ-ਦੀਖਿਆ ਦੇ ਪਾਰਸ ਰਸਾਇਣ ਪਰਸ ਕਰਿ ਹੀ ਅਧਿਕਾਰੀ ਗੁਰਮੁਖ-ਜਗਿਆਸੂ ਦੇ ਮੁਖ ਵਿਚ ਪੈਂਦਾ ਹੈ। ਉਹੀ ਜਨ ਗੁਰਮੁਖ ਸਦਾਉਂਦਾ ਹੈ ਜਿਸ ਦੇ ਮੁਖ ਅੰਦਰ ਇਹ ਗੁਰੂ ਦਾ ਦੀਖਿਅਤ ਪ੍ਰਸਾਦ, ਗੁਰੂ ਦੀ ਨਦਰ ਮੇਹਰ ਦੁਆਰਾ ਪੈਂਦਾ ਹੈ ਅਤੇ ਤੱਤ ਅਰਥਾਂ ਵਿਚ ਉਹੀ

ਗੁਰਮੁਖ (ਸੱਚਾ ਗੁਰੂ ਕਾ ਸਿਖ) ਹੈ ਜੋ ਗੁਰੂ ਦੁਆਰਾ (ਗੁਰੂ ਸਰੂਪ ਪੰਜਾਂ ਪਿਆਰਿਆਂ ਦੁਆਰਾ) ਗੁਰ ਦੀਖਿਆ ਲੈ ਕੇ, ਇਸ ਅੰਮ੍ਰਿਤ ਪਦਾਰਥ ਨੂੰ ਮੁਖ ਵਿਚ ਪਾ ਕੇ ਫੇਰ ਸਾਸਿ ਗਿਰਾਸਿ ਘਾਲ ਕਮਾਈਆਂ ਕਰਿ ਕਰਿ ਸਦਾ ਭੁੰਚਦਾ (ਚੁੰਘਦਾ) ਹੀ ਰਹਿੰਦਾ ਹੈ। "ਜੇ ਕੋ ਖਾਵੈ ਜੇ ਕੋ ਭੁੰਚੈ" ਪੰਗਤੀ ਦਾ ਇਹ ਵਿਆਖਿਆ-ਮਈ ਅਨੁਵਾਦ ਹੈ, ਜੋ ਉਪਰ ਦਿਤਾ ਗਿਆ ਹੈ।

ਅਗਲੀ ਤੁਕ "ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ।" =ਇਹ ਪਰਮ ਬਿਸਮਾਦ ਅਹਿਲਾਦ ਅਨੰਦ ਰਹੱਸ ਰਸਾਇਣੀ 'ਅੰਮ੍ਰਿਤ ਨਾਮ' ਰੂਪੀ ਵਸਤੂ ਇਕ ਵਾਰ ਮੂੰਹ ਲਗੀ ਹੋਈ ਅਤੇ ਗਟਾਕ ਰਸਾਂ ਆਤਮ ਰਸਾਂ ਵਿਚ ਭੁੰਚੀ ਹੋਈ ਫੇਰ ਕਦੇ ਤਜੀ ਨਹੀਂ ਜਾਂਦੀ। ਨਿਤਾਪ੍ਰਤਿ ਸਾਸਿ ਗਿਰਾਸਿ ਹਿਰਦੇ ਅੰਦਰ ਹੀ ਧਾਰੀ ਰਹਿੰਦੀ ਹੈ।

"ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥"

ਇਸ ਬਿਧ ਇਹ ਤਿਮਰ ਅਗਿਆਨ ਦੇ ਅੰਧ ਕੂਪ ਸਾਰਖਾ ਭਵ-ਸਾਗਰੀ ਸੰਸਾਰ, ਵਾਹਿਗੁਰੂ ਦੇ ਚਰਨੀਂ ਲਗਿਆਂ (ਵਾਹਿਗੁਰੂ ਨਾਮ ਵਿਚ ਜੁਟਿਆਂ) ਹੀ ਤਰ ਸਕੀਦਾ ਹੈ। ਇਉਂ ਅੰਮ੍ਰਿਤ ਨਾਮ ਦੀ ਅਤੁਟ ਕਮਾਈ ਕੀਤਿਆਂ ਸਾਰੇ ਗਗਨ ਪਾਤਾਲੀਂ ਖੰਡੀਂ ਬ੍ਰਹਿਮੰਡੀਂ ਇਕੈ ਅਕਾਲ ਪੁਰਖ (ਸੱਚੇ ਪਾਰਬ੍ਰਹਮ) ਦੀ ਜਾਗਤ-ਜੋਤਿ ਦਾ ਪਸਾਰਾ ਹੀ ਨਜ਼ਰ ਆਉਂਦਾ ਹੈ। ਵਾਹਿਗੁਰੂ ਨਾਮ ਰੂਪੀ ਅੰਮ੍ਰਿਤ ਨਾਮ ਵਿਚ ਜੁਟਣਾ ਵਾਹਿਗੁਰੂ ਦੇ ਚਰਨਾਂ ਨਾਲ ਜੁੜਨਾ ਹੀ ਹੈ (ਦੇਖੋ 'ਚਰਨ ਕੰਵਲ ਕੀ ਮਉਜ' ਨਾਮੀ ਪੁਸਤਕ)। ਪਹਿਲੀ ਪੰਗਤੀ ਅੰਦਰ ਵਸਤੂ ਪਦ ਬਹੁ-ਵਚਨ ਨਾਮ (Noun) ਹੈ, ਵਸਤੂਆਂ ਦਾ ਅਰਥਾਇਕ ਹੈ ਅਤੇ ਚੌਥੀ ਪੰਗਤੀ ਵਿਚ "ਇਹ ਵਸਤੁ ਤਜੀ ਨਹ ਜਾਈ" 'ਵਸਤੁ' ਪਦ ਇਕਵਚਨ ਨਾਂਵ (Singular Noun) ਹੈ। ਪਹਿਲੀ ਪੰਗਤੀ ਵਿਚ 'ਪਈਓਂ' ਪਦ ਦੇ ਖੁਲ੍ਹੇ ਮੂੰਹ ਵਾਲੇ ਉੜੇ ਅਖਰ ਨੂੰ ਬਿੰਦਾ ਭੀ ਲਗਾ ਹੋਇਆ ਹੈ, ਜੋ ਬਹੁ-ਵਚਨਕ ਕ੍ਰਿਆ (Plural Verb) ਦਾ ਜਣਾਇਕ ਹੈ=ਤਿੰਨ ਵਸਤੂਆਂ ਪਈਆਂ ਹੋਈਆਂ ਹਨ। ਦੂਜੀ ਪੰਗਤੀ ਵਿਚ ਆਏ 'ਪਇਓ' ਪਦ ਦੇ ਖੁਲ੍ਹੇ ਮੂੰਹ ਵਾਲੇ ਉੜੈ ਨੂੰ ਬਿੰਦੀ ਨਹੀਂ ਤਾਂ ਹੀ ਇਕ-ਵਚਨਕ

(Singular Varb) ਜਣਾਉਂਦਾ ਹੈ। 'ਪਈਓ' ਅਤੇ 'ਪਇਓ' ਪਾਠ ਹੀ ਸ਼ੁਧ ਪਾਠ ਹਨ। ਪਾਈਓ ਅਤੇ ਪਾਇਓ ਸ਼ੁਧ ਪਾਠ ਨਹੀਂ, ਇਉਂ ਅਰਥਾਂ ਵਿਚ ਫ਼ਰਕ ਪੈ ਜਾਂਦਾ ਹੈ। ਵਸਤੂ ਪਾਈ ਹੋਈ ਹੋਰ ਹੈ ਅਤੇ ਸੁਤੇ ਪਈ ਹੋਈ ਹੋਰ ਹੈ। 'ਅੰਮ੍ਰਿਤ ਨਾਮੁ' ਪਾਇਆ ਹੋਇਆ ਨਹੀਂ, ਪਇਆ ਹੋਇਆ ਹੈ, ਇਸ ਕਰਕੇ ਸ਼ੁਧ ਪਾਠ 'ਪਇਓ' ਹੈ।

ਸਲੋਕ ਮਹਲਾ ੫ ॥

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥...

ਇਹ ਸਲੋਕ ਸ੍ਰੀ ਗੁਰੂ ਪੰਚਮ ਪਾਤਸ਼ਾਹ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ੁਭ ਸਮਾਪਤੀ ਪ੍ਰਥਾਇ ਅਕਾਲ ਪੁਰਖ ਦੇ ਧੰਨਵਾਦ ਵਜੋਂ ਉਚਾਰਨ ਕੀਤਾ ਹੈ। ਜੈਸੇ ਆਦਿ ਵਿਚ ਮੰਗਲਾਚਰਨ ਹੁੰਦਾ ਹੈ ਤੈਸੇ ਹੀ ਅੰਤ ਪਰ ਧੰਨਵਾਦ-ਅਲਾਪਨੀ ਇਹ ਸਲੋਕ ਹੈ।

['ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ' ਵਿਚੋਂ]

# ਰਾਗਮਾਲਾ ਦਾ ਲੇਖਕ
# ਕਵਿ ਆਲਮ ਜਾਂ ਤਾਨਸੈਨ ?

[ ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ ]

ਸੰਨ ੧੮੪੪ ਤੋਂ ੧੯੦੭ ਈ: ਤਕ ਲਗਪਗ ੬੩ ਸਾਲ ਸਾਰੇ ਹੀ ਪੰਥਕ ਵਿਦਵਾਨ ਤੇ ਲੇਖਕ, ਜਿਨ੍ਹਾਂ ਵਿਚ ਭਾਈ ਸੰਤੋਖ ਸਿੰਘ (ਕਰਤਾ–ਗੁਰ ਪ੍ਰਤਾਪ ਸੂਰਜ) ਗਿਆਨੀ ਸੋਭਾ ਸਿੰਘ, ਪੰਡਿਤ ਤਾਰਾ ਸਿੰਘ ਨਰੋਤਮ (ਕਰਤਾ–ਗੁਰਮਤਿ ਨਿਰਣਯ ਸਾਗਰ), ਗਿਆਨੀ ਗਿਆਨ ਸਿੰਘ (ਪ੍ਰਸਿਧ ਇਤਿਹਾਸਕਾਰ) ਆਦਿ ਰਾਗਮਾਲਾ ਨੂੰ ਖੋਜ ਦੇ ਪੱਖੋਂ ਮਾਧਵਾਨਲ ਕਾਮਕੰਦਲਾ ਦੇ ਲੇਖਕ, ਮੁਸਲਮਾਨ ਕਵਿ ਆਲਮ (ਪਹਿਲੇ) ਦੀ ਰਚਨਾ ਹੀ ਮੰਨਦੇ ਸਨ, ਪਰ ਸੰਨ ੧੯੦੮ ਈ: ਵਿਚ ਸੰਤ ਟਹਿਲ ਸਿੰਘ ਨਿਰਮਲੇ ਨੇ ਆਪਣੀ ਪੁਸਤਕ 'ਗੁਰੂ ਗਿਰਾ ਰਾਗਮਾਲਾ ਮੰਡਨ ਪ੍ਰਬੋਧ ਸਾਗਰ' ਵਿਚ ਅਚਾਨਕ ਨਵਾਂ ਸ਼ੋਸ਼ਾ ਛਡ ਕੇ, ਕਿ ਰਾਗਮਾਲਾ ਕਵੀ ਆਲਮ ਦੀ ਕ੍ਰਿਤ ਨਹੀਂ, ਸਗੋਂ ਅਕਬਰ ਦੇ ਦਰਬਾਰੀ ਗਵੱਯੇ ਤਾਨਸੈਨ ਦੀ ਰਚਨਾ ਹੈ, ਅਚੰਭੇ ਵਾਲੀ ਗੱਲ ਕਰ ਦਿਤੀ, ਕਿਉਂਕਿ ਇਸ ਸਮੇਂ ਤਕ ਰਾਗਮਾਲਾ ਦੇ ਕਵਿ ਤਾਨਸੈਨ ਕ੍ਰਿਤ ਹੋਣ ਦਾ ਕਿਸੇ ਨੂੰ ਚਿਤ-ਚੇਤਾ ਵੀ ਨਹੀਂ ਸੀ।

ਕਵੀ ਤਾਨਸੈਨ ਮੁਗ਼ਲ ਸਾਮਰਾਟ ਅਕਬਰ ਦਾ ਗਵੱਯਾ ਜ਼ਰੂਰ ਸੀ, ਪਰ ਉਸ ਨੇ ਰਾਗਮਾਲਾ ਵੀ ਰਚੀ ਸੀ, ਇਸ ਬਾਰੇ ਕੋਈ ਨਹੀਂ ਸੀ ਜਾਣਦਾ। ਇਹ ਸ਼ੋਸ਼ਾ ਸੰਤ ਟਹਿਲ ਸਿੰਘ ਨੇ ਦਰ-ਅਸਲ ਕਵਿ ਆਲਮ ਦੇ ਸੰਨ ੯੯੧ ਹਿਜਰੀ ਨੂੰ ਗ਼ਲਤ ਕਰਨ ਵਾਸਤੇ ਛਡਿਆ ਸੀ

ਕਿ ਇਹ ਸੰਨ ਅਸਲ ਵਿਚ ਆਲਮ ਦਾ ਨਹੀਂ, ਸਗੋਂ ਅਕਬਰ ਦੇ ਦਰਬਾਰੀ ਕਵੀ ਤਾਨਸੈਨ ਦਾ ਹੈ, ਜਦ ਕਿ ਅਕਬਰ ਦੀ ਸਭਾ ਵਿਚ ਰਾਗਮਾਲਾ ਗਾ ਕੇ ਸੁਣਾਈ ਸੀ। (ਵੇਖੋ 'ਗੁਰ ਗਿਰਾ ਰਾਗਮਾਲਾ ਮੰਡਨ ਪ੍ਰਬੋਧ', ਸਫ਼ੇ ੪੫-੪੬)

ਤੇ ਫੇਰ ਇਸੇ ਤਰ੍ਹਾਂ ਸਰਦਾਰ ਮਾਨ ਸਿੰਘ ਬੀ.ਏ., ਐਲ.ਐਲ-ਬੀ. ਵਕੀਲ ਅੰਬਾਲਾ ਆਪਣੀ ਪੁਸਤਕ 'ਸੱਚ ਦਾ ਪ੍ਰਕਾਸ਼' (੧੯੧੮) ਦੇ ਸਫ਼ਾ ੪੨ ਪਰ ਕਵਿ ਆਲਮ ਦੇ ਰਚਨਾ-ਸੰਮਤ ੯੯੧ ਹਿਜਰੀ ਨੂੰ ਇਸ ਤੋਂ ਸੱਤ ਸਦੀਆਂ ਪਹਿਲਾਂ ਮਹਾਰਾਜਾ ਬਿਕ੍ਰਮਾਜੀਤ ਉਜੈਨੀ ਦੇ ਸਮੇਂ ਨਾਲ ਜਾ ਜੋੜਦਾ ਹੈ ਤੇ ਇਹ ਸੰਮਤ ਦਰਅਸਲ ਬਿਕ੍ਰਮੀ ਨਹੀਂ, ਉਜੈਨੀ ਸ਼ਾਕਾ (ਸ਼ੱਕ ਸੰਮਤ) ਹੈ। (ਵੇਖੋ 'ਸੱਚ ਦਾ ਪ੍ਰਕਾਸ਼', ਸਫ਼ਾ ੪੨)

ਇਨ੍ਹਾਂ ਹਵਾਲਿਆਂ ਤੋਂ ਪਤਾ ਲਗਦਾ ਹੈ ਕਿ ਰਾਗਮਾਲਾ ਦੇ ਇਹ ਦੋਵੇਂ ਹਾਮੀ ਦਰ-ਅਸਲ ਔਝੜ ਪਏ ਤੇ ਰਾਹੋਂ ਘੁੱਥੇ ਨਜ਼ਰ ਆਉਂਦੇ ਹਨ, ਕਿਉਂਕਿ ਇਨ੍ਹਾਂ ਨੂੰ ਕਵਿ ਆਲਮ ਕ੍ਰਿਤ ਮਾਧਵਾਨਲ ਕਾਮਕੰਦਲਾ ਦੇ ਪ੍ਰਾਰੰਭ ਵਿਚ "ਮੰਤ੍ਰੀ ਬਿਕ੍ਰਮ ਸੈਨ, ਮੁਗ਼ਲ ਬਾਦਸ਼ਾਹ ਅਕਬਰ ਦੇ ਨਾਮ ਤੇ ਮਾਧਵਾਨਲ ਕਾਮਕੰਦਲਾ ਦੇ ਸੰਗੀਤਕ ਗਾਇਨ" ਤੋਂ ਭੁਲੇਖਾ ਲਗਣ ਤੇ ਇਹ ਦੋਵੇਂ ਉਲਟੇ ਅਰਥ ਇਸ ਕਾਵਯ-ਰਚਨਾ ਦੇ ਸਹੀ ਭਾਵ ਸਮਝੇ ਤੋਂ ਬਗ਼ੈਰ ਹੀ ਐਵੇਂ ਸੁੱਝ ਆਏ ਹਨ, ਜੋ ਕਿਸੇ ਹਾਲਤ ਵਿਚ ਵੀ ਠੀਕ ਤੇ ਸਹੀ ਨਹੀਂ ਮੰਨੇ ਜਾ ਸਕਦੇ।

ਸਭ ਤੋਂ ਵੱਡੀ ਤੇ ਖ਼ਾਸ ਗੱਲ ਇਹ ਹੈ ਕਿ ਆਲਮ ਦੀ ਇਸ ਕਾਵਜ-ਰਚਨਾ ਮਾਧਵਾਨਲ ਕਾਮਕੰਦਲਾ ਦੇ ਸੰਗੀਤਕ ਗਾਇਨ ਦਾ ਸੰਬੰਧ ਬਾਦਸ਼ਾਹ ਅਕਬਰ ਜਾਂ ਉਸ ਦੇ ਕਿਸੇ ਵੀ ਦਰਬਾਰੀ ਨਾਲ ਥੋੜਾ ਜਿਹਾ ਵੀ ਨਹੀਂ ਹੈ। ਇਸ ਕਾਰਨ ਸੰਤ ਟਹਿਲ ਸਿੰਘ ਨਿਰਮਲੇ ਤੇ ਸਰਦਾਰ ਮਾਨ ਸਿੰਘ ਵਕੀਲ ਦੀ ਇਹ ਕਲਪਨਾ, ਕਿ ਰਾਗਮਾਲਾ ਤਾਨਸੈਨ ਦੀ ਕ੍ਰਿਤ ਹੈ ਜਾਂ ਮਹਾਰਾਜਾ ਬਿਕ੍ਰਮਾਜੀਤ ਦੇ ਦਰਬਾਰ ਨਾਲ ਸੰਬੰਧ ਰਖਣ ਵਾਲੀ ਰਚਨਾ, ਦੋਵੇਂ ਕਪਲਨਾਵਾਂ ਨਿਰੋਲ ਨਿਰਾਧਾਰ ਤੇ ਨਿਰਮੂਲ ਹੋਣ ਦੇ ਨਾਲ ਹੀ ਹਾਸੋ-ਹੀਣੀਆਂ ਵੀ ਸਿੱਧ ਹੁੰਦੀਆਂ ਹਨ।

ਹੁਣ ਅਗੇ ਲਓ ਕਵਿ ਜੋਧ ਦੇ ਢੋਲ ਦਾ ਪੋਲ। ਸੰਤ ਟਹਿਲ ਸਿੰਘ ਤੇ ਸਰਦਾਰ ਮਾਨ ਸਿੰਘ ਵਕੀਲ ਤੋਂ ਬਾਅਦ ਤੀਜੇ ਪਹਿਲਵਾਨ ਗਿਆਨੀ ਸਾਹਿਬ ਸਿੰਘ ਜੀ ਧਮਧਾਨ ਸਾਹਿਬ ਵਾਲੇ ਸਾਹਿਤਕ ਖੋਜ ਸੰਬੰਧੀ ਕੁਸ਼ਤੀ ਦੇ ਇਸ ਮੈਦਾਨ ਵਿਚ ਕੁੱਦੇ। ਪਹਿਲੇ ਦੋਵੇਂ ਵਿਦਵਾਨ ਜਿਵੇਂ ਭਾਈ ਸਾਹਿਬ ਭਾਈ ਵੀਰ ਸਿੰਘ ਜੀ (ਖਾਲਸਾ ਸਮਾਚਾਰ) ਦੇ ਹੱਥ ਦੇ ਹਥਿਆਰ ਬਣੇ ਤਿਵੇਂ ਇਹ ਤੀਜੇ ਪਹਿਲਵਾਨ ਸਾਹਿਬ ਸਿੰਘ ਹੋਰੀ ਵੀ ਉਸੇ ਤਰ੍ਹਾਂ ਲੱਕ ਕਸ ਕੇ ਨਿਤਰੇ। ਇਨ੍ਹਾਂ ਨੇ ਕਵੀ ਆਲਮ ਦੀ ਰਾਗਮਾਲਾ ਨੂੰ ਤਾਨਸੈਨ ਜਾਂ ਬਿਕ੍ਰਮਾਜੀਤ ਦੇ ਦਰਬਾਰ ਨਾਲ ਜੋੜਨ ਦੀ ਥਾਵੇਂ ਮੁਗਲ ਸਾਮਰਾਟ ਅਕਬਰ ਦੇ ਦਰਬਾਰੀ ਕਵੀ ਜੋਧ ਨਾਲ ਜੋੜਿਆ, ਜੋ ਇਕ ਨਾਮ-ਧਰੀਕ ਸੰਸਕ੍ਰਿਤ ਕਵੀ ਸੀ ਤੇ ਉਸਨੇ ਮਾਧਵਨਲ ਚਰਿਤ ਲਿਖਿਆ ਸੀ।

ਦਰ-ਅਸਲ ਇਸ ਜੋਧ ਕਵੀ ਦਾ ਨਾਮ ਅਕਬਰ ਦੇ ਦਰਬਾਰੀਆਂ ਵਿਚ ਕਿਤੇ ਨਹੀਂ ਮਿਲਦਾ। ਆਈਨਿ ਅਕਬਰੀ, ਅਕਬਰ-ਨਾਮਾ, ਦਰਬਾਰਿ ਅਕਬਰੀ ਆਦਿ ਤਵਾਰੀਖ਼ੀ ਕਿਤਾਬਾਂ ਇਸ ਕਵੀ ਬਾਰੇ ਚੁਪ ਹਨ। ਉਹ ਅਕਬਰ ਤੇ ਹੋਰ ਦਰਬਾਰੀ ਆਲਮਾਂ ਦੇ ਨਾਂ ਤਾਂ ਦਸਦੀਆਂ ਹਨ, ਪਰ ਜੋਧ ਦਾ ਕਿਤੇ ਥਹੁ-ਪਤਾ ਨਹੀਂ ਦਿੰਦੀਆਂ। ਇਸੇ ਤਰ੍ਹਾਂ ਸੰਸਕ੍ਰਿਤ ਹੱਥ-ਲਿਖਿਤ ਪੁਸਤਕਾਂ ਦੀਆਂ ਵਿਸਤਾਰਥ ਸੂਚੀਆਂ, ਜੋ ਅੰਗਰੇਜ਼ੀ ਵਿਚ ਮਿਲਦੀਆਂ ਹਨ, ਕਵਿ ਜੋਧ ਕ੍ਰਿਤ ਮਾਧਵਾਨਲ ਚਰਿਤ ਦਾ ਨਾਂ ਤਕ ਨਹੀਂ ਦਿੰਦੀਆਂ।

ਫਿਰ ਇਹ ਜੋਧ ਕਵੀ ਕੌਣ ਹੋਇਆ ਤੇ ਇਸ ਦੀ ਨਾਮ-ਧਰੀਕ ਮਾਧਵਾਨਲ ਰਚਿਤ ਪੁਸਤਕ ਕਿਵੇਂ ਤੇ ਕਦੋਂ ਵਜੂਦ ਵਿਚ ਆਈ, ਇਸ ਬਾਰੇ ਖੋਜ ਪੜਤਾਲ ਕਰਨ ਤੇ ਪਤਾ ਲਗਾ ਹੈ ਕਿ ਭਾਈ ਪ੍ਰੇਮ ਸਿੰਘ ਜੀ ਸੁਰਗਵਾਸੀ ਨਾਭਾ ਨੇ, ਜਿਨ੍ਹਾਂ ਦਾ ਸਮਾਂ ਸੰਨ ੧੮੭੩ ਤੋਂ ੧੯੩੫ ਈ: ਹੈ, ਇਹ ਪੁਸਤਕ ਪੰਡਿਤ ਭਗਤਾਨੰਦ ਜੀ ਉਦਾਸੀਨ ਮਹੰਤ ਖਨੌੜਾ (ਨਾਭਾ) ਤੋਂ ਸੰਨ ੧੯੧੫ ਈ: ਦੇ ਨੇੜੇ ਤੇੜੇ, ਕਵਿ ਆਲਮ ਦੀ ਹਿੰਦੀ ਪੁਸਤਕ ਮਾਧਵਾਨਲ ਕਾਮਕੰਦਲਾ ਦੇ ਸੰਸਕ੍ਰਿਤ ਅਨੁਵਾਦ ਵਜੋਂ, ਭਾਈ

ਵੀਰ ਸਿੰਘ ਜੀ ਖ਼ਾਲਸਾ ਸਮਾਚਾਰ ਦੀ ਪ੍ਰੇਰਨਾ ਨਾਲ, ਰਾਗਮਾਲਾ ਦੀ ਪਿੱਠ ਠੋਕਣ ਲਈ ਤਿਆਰ ਕਰਵਾਈ ਸੀ ਤੇ ਇਸ ਦਾ ਪ੍ਰਚਾਰ ਸੰਨ ੧੯੨੯ ਈ: ਵਿਚ ਗਿਆਨੀ ਸਾਹਿਬ ਸਿੰਘ ਜੀ ਧਮਧਾਨ ਰਾਹੀਂ ਰਾਗਮਾਲਾ ਪ੍ਰਬੋਧ (ਅੰਕ ੨) ਦੇ ਸਫ਼ਾ ੧੭ ਪਰ ਕੀਤਾ ਗਿਆ ਤੇ ਉਨ੍ਹਾਂ ਲਿਖਿਆ ਕਿ "ਇਸ ਧੋਖੇ ਦੀ ਨਿਰਮੂਲ, ਕਰਤਾ ਜੋਧ ਕਵੀ ਰਚਿਤ ਇਕ ਸੰਸਕ੍ਰਿਤ ਦੀ ਪੁਸਤਕ ਸਾਨੂੰ ਮਿਲੀ ਹੈ, ਜੋ ਸੰਨ ੯੯੧ ਹਿਜਰੀ ਵਾਲੀ ਹੈ।" ਤੇ ਇਸ ਪੁਸਤਕ ਦਾ ਠਿਕਾਣਾ ਉਨ੍ਹਾਂ ਨੇ ਭਾਈ ਪ੍ਰੇਮ ਸਿੰਘ ਜੀ ਮਾਲਿਕ ਦੁਰਗਾ ਪ੍ਰੈਸ ਨਾਭਾ ਦਿਤਾ ਹੈ ਅਤੇ ਸਾਬਤ ਕੀਤਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਆਲਮ ਨੇ, ਜੋ ਜਾਤਿ ਦਾ ਬਾਮ੍ਹਣ ਸੀ ਤੇ ਪਿਛੋਂ ਮੁਸਲਮਾਨ ਹੋਇਆ ਸੀ, ਜੋਧ ਕਵੀ ਦੀ ਪੁਸਤਕ ਦਾ ਅਨੁਵਾਦ ਹਿੰਦੀ ਵਿਚ ਕੀਤਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਮਾਲਾ ਉਸ ਨੇ ਚੁਰਾ ਕੇ ਆਪਣੀ ਇਸ ਪੁਸਤਕ ਵਿਚ ਦਰਜ ਕਰ ਲਈ। ਗਿਆਨੀ ਸਾਹਿਬ ਸਿੰਘ ਧਮਧਾਨ ਸਾਹਿਬ ਵਾਲਿਆਂ ਇਹੋ ਰਾਗਮਾਲਾ ਪ੍ਰਬੋਧ ਪੁਸਤਕ ਇਸ ਤੋਂ ਪਹਿਲਾਂ ਸੰਨ ੧੯੧੮ ਵਿਚ ਵੀ ਛਾਪੀ ਸੀ ਤੇ ਉਸ ਵਿਚ ਰਾਗਮਾਲਾ ਦਾ ਕਰਤਾ ਭਾਈ ਗੁਰਦਾਸ ਲਿਖਿਆ ਸੀ, (ਦੇਖੋ, ਇਸ ਪੁਸਤਕ ਦਾ ਸਫ਼ਾ ੧੪), ਪਰ ਉਸ ਵਿਚ ਕਵੀ ਜੋਧ ਦਾ ਕਿਤੇ ਜ਼ਿਕਰ ਨਹੀਂ ਸੀ ਕੀਤਾ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਇਹ ਝੂਠ ਪਿਛੋਂ ਘੜ ਲਿਆ ਗਿਆ ਤੇ ਖਾਲਸਾ ਸਮਾਚਾਰ ਵਲੋਂ ਇਸ ਝੂਠ ਨੂੰ ਸੱਚ ਆਖ ਕੇ ਖੁਲ੍ਹਾ ਡੁਲ੍ਹਾ ਪ੍ਰਚਾਰ ਕੀਤਾ ਗਿਆ। ਇਥੋਂ ਤਕ ਕਿ ਭਾਈ ਵੀਰ ਸਿੰਘ ਹੋਰਾਂ ਵਲੋਂ ਸੰਨ ੧੯੩੫ ਈ: ਵਿਚ ਗੁਰ ਪ੍ਰਤਾਪ ਸੂਰਜ (ਭਾਈ ਸੰਤੋਖ ਸਿੰਘ ਜੀ) ਦੀ ਛੇਵੀਂ ਜਿਲਦ ਵਿਚ ਇਸ ਝੂਠ ਦੀ ਡਟ ਕੇ ਹਿਮਾਇਤ ਕੀਤੀ ਗਈ। ਉਨ੍ਹਾਂ ਦੇ ਵਿਦਵਾਨ ਭਾਈ ਬਲਬੀਰ ਸਿੰਘ (ਸੁਰਗਵਾਸੀ) ਨੇ ਵੀ "ਰਾਗਮਾਲਾ ਦਾ ਸਵਾਲ ਤੇ ਜੋਧ ਕਵੀ ਅਤੇ ਆਲਮ" ਨਾਮੀ ਪੁਸਤਕ ਵਿਚ ਡੰਕੇ ਦੀ ਚੋਟ ਨਾਲ ਇਸ ਝੂਠ ਨੂੰ ਸੱਚ ਸਾਬਤ ਕਰਨ ਲਈ ਗਵਾਹੀ ਦਿਤੀ ਤੇ ਕਿਹਾ ਕਿ ਆਲਮ ਕਵੀ ਇਕ ਨਹੀਂ, ਦੋ ਹੋਏ ਹਨ।

ਪਰ ਮੇਰੀ ਖੋਜ ਹੈ ਕਿ ਮਾਧਵਾਨਲ ਕਾਮਕੰਦਲਾ ਦਾ ਲੇਖਕ ਕਵੀ ਆਲਮ ਮੁਗ਼ਲ ਬਾਦਸ਼ਾਹ ਅਕਬਰ ਦਾ ਸਮਕਾਲੀ ਤੇ ਇਕ ਮੁਸਲਿਮ ਸੂਫ਼ੀ ਫ਼ਕੀਰ ਸੀ ਤੇ ਉਹ ਸੰਸਕ੍ਰਿਤ ਨਹੀਂ ਸੀ ਜਾਣਦਾ, ਤੇ ਦੂਜਾ ਕਵੀ ਆਲਮ, ਜੋ ਬਾਮ੍ਹਣ ਤੋਂ ਮੁਸਲਮਾਨ ਹੋਇਆ, ਸ੍ਰੀ ਦਸਮੇਸ਼ ਦਾ ਦਰਬਾਰੀ ਕਵੀ ਅਤੇ ਸੰਸਕ੍ਰਿਤ ਦਾ ਗਯਾਤਾ ਸੀ। ਇਸ ਲਈ ਪਹਿਲੇ ਆਲਮ ਦਾ ਸਮਾਂ ਸੰਨ ੯੯੧ ਹਿਜਰੀ ਠੀਕ ਹੈ, ਜਿਸ ਤੋਂ ਉਸ ਦਾ ਸੰਮਤ ੧੬੪੦ ਬਿ: ਨਾਲ ਮੇਲ ਮਿਲਦਾ ਹੈ। ਨਾਲੇ ਸੰਸਕ੍ਰਿਤ ਕਵੀ ਸੰਮਤ ਬਿਕ੍ਰਮੀ ਹਮੇਸ਼ਾ "ਅੰਕਾਨਾ ਵਾਮਤੋ ਗਤਿ" ਦੇ ਮੁਤਾਬਿਕ ਉਲਟੀ ਰੀਤੀ ਨਾਲ ਲਿਖਦੇ ਹਨ ਤੇ ਸੰਨ ੯੯੧ ਹਿਜਰੀ ਕਵੀ ਆਲਮ ਪਹਿਲੇ ਦਾ ਸੂਚਕ ਹੈ ਤੇ ਫ਼ਰਜ਼ੀ ਕਵੀ ਜੋਧ ਨਾਲ ਇਸ ਦਾ ਕੋਈ ਵੀ ਸੰਬੰਧ ਨਹੀਂ ਹੈ। ਕਵੀ ਆਲਮ ਦੋ ਹੋਏ ਹਨ, ਜਿਸ ਦਾ ਸਬੂਤ ਨਾਗਰੀ ਪ੍ਰਚਾਰਨੀ ਸਭਾ ਬਨਾਰਸ ਦੀਆਂ ਪੁਰਾਣੀਆਂ ਖੋਜ-ਰਪੋਰਟਾਂ ਤੋਂ ਪਤਾ ਲਗਦਾ ਹੈ। ਤੀਜਾ ਇਹ ਸਬੂਤ ਕਿ ਭਾਈ ਪ੍ਰੇਮ ਸਿੰਘ ਜੀ ਨਾਭਾ, ਜੋ ਸੰਨ ੧੯੩੫ ਈ: ਵਿਚ ਪੌੜੀਆਂ ਤੋਂ ਡਿਗ ਕੇ ਮਰੇ, ਮੇਰੇ ਪਰਮ ਸਨੇਹੀ ਸਨ, ਕਈ ਵੇਰ ਪੁਛਣ ਤੇ ਵੀ ਉਨ੍ਹਾਂ ਨੇ ਸਾਫ਼ ਇਹੋ ਕਿਹਾ ਕਿ ਇਸ ਨਾਂ ਦਾ ਕੋਈ ਸੰਸਕ੍ਰਿਤੀ ਕਵੀ ਨਹੀਂ ਹੋਇਆ। ਚੌਥਾ ਸਬੂਤ ਇਹ ਕਿ ਪੰਡਿਤ ਭਗਤਾਨੰਦ ਜੀ ਖਨੌੜਾ ਦੇ ਗਦੀ-ਨਸ਼ੀਨ ਮਹੰਤ ਪੰਡਿਤ ਕ੍ਰਿਸ਼ਨ ਦਾਸ ਜੀ ਸ਼ਾਸਤ੍ਰੀ, ਮੇਰੇ ਪਰਮ ਸਨੇਹੀ ਉਸਤਾਦ ਸਨ। ਉਹ ਵੀ ਪੁਛਣ ਤੇ ਮੈਨੂੰ ਇਹੋ ਦਸਦੇ ਰਹੇ ਕਿ ਜੋਧ ਕਵੀ ਦੇ ਨਾਂ ਤੇ ਮਸ਼ਹੂਰ ਕੀਤੀ ਅਖੌਤੀ ਪੁਸਤਕ ਦਰ-ਅਸਲ ਉਨ੍ਹਾਂ ਦੇ ਗੁਰੂ ਭਗਤਾਨੰਦ ਦੀ ਹੈ ਤੇ ਇਸ ਦੇ ਆਦਿ ਅੰਤ ਕਿਤੇ ਵੀ ਕਿਸੇ ਕਵੀ ਦਾ ਨਾਂ ਨਹੀਂ ਹੈ। ਇਸ ਲਈ ਰਾਗਮਾਲਾ ਨੂੰ ਸੱਚੀ ਸਾਬਤ ਕਰਨ ਲਈ, ਇਸ ਦੇ ਨਾਲ ਜੋਧ ਕਵੀ ਦਾ ਨਾਂ ਜੋੜਨਾ ਉੱਕਾ ਹੀ ਬੇਬੁਨਿਆਦ ਤੇ ਗ਼ਲਤ ਹੈ।

ਨੋਟ—ਅਸ਼ੋਕ ਜੀ ਰਚਿਤ ਪੁਸਤਕ "ਮਾਧਵਾਨਲ ਕਾਮਕੰਦਲਾ ਤੇ ਰਾਗਮਾਲਾ ਨਿਰਣਯ" ਵਿਚ ਆਲਮ ਕ੍ਰਿਤ ਮਾਧਵਾਨਲ ਕਾਮਕੰਦਲਾ ਦਾ ਪੂਰਾ ਕਿੱਸਾ ਦਰਜ ਹੈ।

# ਰਾਗ-ਮਾਲਾ

ਸ: ਰਤਨ ਸਿੰਘ ਜੀ ਬੀ. ਏ; ਬੀ.ਟੀ; ਗਿਆਨੀ,
2, ਰੇਮਾਂਡ ਐਵਿਨਿਊ, ਲਫ਼ਬਰਾ, ਲੈਸਟਰ ਸ਼ਾਇਰ (ਯੂ.ਕੇ.)

ਰਾਗਮਾਲਾ ਦਾ ਅਰਥ ਹੈ–ਰਾਗਾਂ ਦੀ ਮਾਲਾ, ਰਾਗਾਂ ਦੀ ਲੜੀ, ਰਾਗਾਂ ਦੀ ਸੂਚੀ, ਰਾਗਾਂ ਦੀ ਲਿਸਟ।

ਕਈ ਸੰਗੀਤ-ਆਚਾਰੀਆ ਹੋਏ ਹਨ, ਜਿਨ੍ਹਾਂ ਨੇ ਆਪਣੇ ਆਪਣੇ ਤਰੀਕੇ ਨਾਲ ਰਾਗਾਂ ਦੀ ਵੰਡ ਕੀਤੀ ਹੈ, ਜੋ ਆਪੋ ਵਿਚ ਪੂਰੀ ਤਰ੍ਹਾਂ ਨਹੀਂ ਮਿਲਦੀ। ਹਰ ਤਰੀਕਾ ਜੁਦਾ ਜੁਦਾ ਮੱਤ ਅਖਵਾਉਂਦਾ ਹੈ। ਪ੍ਰਸਿੱਧ ਮੱਤ ਇਹ ਹਨ :–

## ੧. ਸ਼ਿਵ ਮੱਤ–

ਇਸ ਵਿਚ ਰਾਗ ੬ ਹੀ ਹਨ। ਸਿਰੀ ਰਾਗ ਪਹਿਲਾ ਹੈ, ਭੈਰਵ ਤੇ ਮੇਘ ਰਾਗ ਵੀ ਹਨ, ਪਰ ਤਿੰਨ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਅੰਤਲੀ ਰਾਗ-ਮਾਲਾ ਨਾਲ ਨਹੀਂ ਮਿਲਦੇ। ਹਰੇਕ ਰਾਗ ਦੀਆਂ ਸਿਰਫ਼ ਵਹੁਟੀਆਂ ਹੀ ਦਿਤੀਆਂ ਹੋਈਆਂ ਹਨ ਅਤੇ ਦਿਤੀਆਂ ਵੀ ੬-੬ ਹਨ। ਇਸ ਮੱਤ ਦੀਆਂ ਦੋ ਰਾਗਮਾਲਾਂ ਹਨ, ਪਰ ਉਹ ਵੀ ਆਪੋ ਵਿਚ ਨਹੀਂ ਮਿਲਦੀਆਂ।

## ੨. ਕਾਲੀਨਾਥ ਮੱਤ ਜਾਂ ਕ੍ਰਿਸ਼ਨ ਮੱਤ–

ਇਸ ਮੱਤ ਦੀ ਇਕ ਰਾਗਮਾਲਾ ਹੈ। ਇਸ ਦੇ ੬ ਰਾਗ ਤਾਂ ਸ਼ਿਵ ਮੱਤ ਅਨੁਸਾਰ ਹੀ ਹਨ। ਵਹੁਟੀਆਂ ਵੀ ਹਰੇਕ ਦੀਆਂ ੬-੬ ਹੀ ਹਨ, ਪਰ ਸਾਰੀਆਂ ਦੇ ਨਾਉਂ ਸ਼ਿਵ ਮੱਤ ਵਾਲੀਆਂ ਨਾਲ ਨਹੀਂ ਮਿਲਦੇ।

### ੩. ਭਰਤ ਮੱਤ–

ਬੈਜੂ ਬਾਵਰਾ ਤੇ ਤਾਨ ਸੈਨ ਇਸ ਮੱਤ ਦੇ ਹੀ ਮਸ਼ਹੂਰ ਗਾਇਕ ਤੇ ਵਜੰਤ੍ਰੀ ਸਨ। ਇਸ ਮੱਤ ਦੀ ਵੀ ਇਕ ਰਾਗਮਾਲਾ ਹੈ। ੬ ਰਾਗਾਂ ਦਾ ਕ੍ਰਮ ਤੇ ਨਾਉਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਅੰਤਲੀ ਰਾਗਮਾਲਾ ਵਾਲੇ ਹੀ ਹਨ। ਹਰੇਕ ਦੀਆਂ ਵਹੁਟੀਆਂ ਵੀ ਪੰਜ ਪੰਜ ਹਨ ਅਤੇ ਪੁੱਤਰ ਵੀ ਅੱਠ ਅੱਠ ਹੀ ਹਨ, ਪਰ ਕਈ ਨਾਉਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਅੰਤਲੀ ਰਾਗਮਾਲਾ ਤੋਂ ਵੱਖਰੇ ਹਨ। ਵਾਧਾ ਇਹ ਹੈ ਕਿ ਹਰੇਕ ਰਾਗ ਦੀਆਂ ਅੱਠ ਅੱਠ ਨੂੰਹਾਂ ਵੀ ਦਿਤੀਆਂ ਹੋਈਆਂ ਹਨ।

### ੪. ਹਨੂਮਾਨ ਮੱਤ–

ਇਸ ਮੱਤ ਦੀਆਂ ਪੰਜ ਰਾਗਮਾਲਾਂ ਹਨ, ੬ ਰਾਗਾਂ ਦਾ ਕ੍ਰਮ ਤੇ ਨਾਉਂ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਤਲੀ ਰਾਗਮਾਲਾ ਵਾਲੇ ਹੀ ਹਨ। ਹਰੇਕ ਦੀਆਂ ਵਹੁਟੀਆਂ ਵੀ ਪੰਜ ਪੰਜ ਤੇ ਪੁੱਤ ਵੀ ਅੱਠ ਅੱਠ ਹੀ ਹਨ, ਪਰ ਕਈ ਨਾਉਂ ਉਸ ਤੋਂ ਵੱਖਰੇ ਹਨ। ਇਕ ਰਾਗਮਾਲਾ ਵਿਚ ਅੱਠ ਅੱਠ ਨੂੰਹਾਂ ਵੀ ਦਿਤੀਆਂ ਹੋਈਆਂ ਹਨ, ਬਲਕਿ ਇਸ ਵਿਚ ਸਿਰੀ ਰਾਗ ਦੇ ਪੁੱਤ ਤੇ ਨੂੰਹਾਂ ਨੌਂ ਨੌਂ ਹਨ। ਇਕ ਦੂਜੀ ਰਾਗਮਾਲਾ ਵਿਚ ਭੈਰਵ ਦੀਆਂ ਤਿੰਨ, ਮੇਘ ਰਾਗ ਦੀਆਂ ਸੱਤ ਤੇ ਬਾਕੀ ਰਾਗਾਂ ਦੀਆਂ ਪੰਜ ਪੰਜ ਧੀਆਂ ਵੀ ਦਿਤੀਆਂ ਹੋਈਆਂ ਹਨ।

### ੫. ਸਿਧ ਸਾਰਸਵੱਤ ਮੱਤ–

ਇਸ ਦੀ ਇਕ ਰਾਗਮਾਲਾ ਹੈ, ਜਿਸ ਵਿਚ ਸੱਤ ਰਾਗ ਹਨ, ਜਿਹਨਾਂ ਵਿਚ ਬਸੰਤ ਰਾਗ ਵੀ ਸੱਤਵੇਂ ਨੰਬਰ ਤੇ ਗਿਣਿਆ ਗਿਆ ਹੈ। ਪਹਿਲੇ ੬ ਰਾਗਾਂ ਦੀ ਤਰਤੀਬ ਤੇ ਨਾਉਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਅੰਤਲੀ ਰਾਗਮਾਲਾ ਵਾਲੇ ਹੀ ਹਨ। ਹਰੇਕ ਦੀਆਂ ਪੰਜ ਪੰਜ ਹੀ ਵਹੁਟੀਆਂ ਹਨ। ਹਾਂ, ਬਸੰਤ ਰਾਗ ਦੀਆਂ ਸੱਤ ਹਨ। ਸਾਰੇ ਰਾਗਾਂ ਦੀਆਂ ਵਹੁਟੀਆਂ ਦੇ ਕਈ ਨਾਉਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਅੰਤਲੀ ਰਾਗਮਾਲਾ ਨਾਲੋਂ ਵੱਖਰੇ ਹਨ।

੬. ਰਾਗਾਰਣਵ ਮੱਤ–

ਇਸ ਦੀ ਇਕ ਰਾਗਮਾਲਾ ਹੈ। ਰਾਗ ਤਾਂ ੬ ਹੀ ਹਨ, ਪਰ ਭੈਰਵ ਤੇ ਮਾਲਕੌਂਸ ਤੋਂ ਬਿਨਾਂ ਚਾਰ ਰਾਗ ਹੋਰ ਸਾਰੇ ਮੱਤਾਂ ਦੀਆਂ ਰਾਗਮਾਲਾਂ ਨਾਲੋਂ ਜੁਦਾ ਹਨ। ਵਹੁਟੀਆਂ ਹਰੇਕ ਦੀਆਂ ਪੰਜ ਪੰਜ ਹੀ ਹਨ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਅੰਤਲੀ ਰਾਗਮਾਲਾ ਨਾਲੋਂ ਵੱਖਰੀਆਂ ਹਨ।

ਸੰਗੀਤ ਮੱਤ ਤਾਂ ਹੋਰ ਵੀ ਹਨ, ਜਿਵੇਂ ਸੋਮਨਾਥ ਮੱਤ, ਮਤੰਗ ਮੱਤ, ਪਾਸਟਿਕ ਮੱਤ, ਸਾਰੰਗ ਦੇਵ ਮਤ, ਕਸ਼ਿਅਪ ਮੱਤ, ਭਾਵ ਭੱਟ ਮੱਤ, ਸੰਗੀਤ ਰਤਨਾਕਰ ਮੱਤ, ਆਦਿਕ; ਪਰ ਇਹਨਾਂ ਦੀਆਂ ਰਾਗਮਾਲਾਂ ਵਿਚ ਰਾਗਾਂ ਦੀ ਵੰਡ ਗਭਰੂਆਂ, ਵਹੁਟੀਆਂ, ਪੁੱਤਾਂ, ਧੀਆਂ ਤੇ ਨੂੰਹਾਂ ਅਨੁਸਾਰ ਨਹੀਂ।

ਉਪਰਲੀ ਵਿਚਾਰ ਤੋਂ ਪਤਾ ਲਗਦਾ ਹੈ ਕਿ ਸੰਗੀਤ ਮੱਤਾਂ ਦੀਆਂ ਰਾਗਮਾਲਾਂ ਜੁਦਾ ਜੁਦਾ ਹਨ। ਇਕ ਰਾਗਮਾਲਾ ਵਿਚ ਜੋ ਕਿਸੇ ਰਾਗ ਦੀ ਵਹੁਟੀ ਹੈ, ਉਹੀ ਕਿਸੇ ਦੂਜੀ ਰਾਗਮਾਲਾ ਵਿਚ ਕਿਸੇ ਹੋਰ ਰਾਗ ਦਾ ਪੁੱਤ ਹੈ, ਉਹੀ ਕਿਸੇ ਤੀਜੀ ਰਾਗਮਾਲਾ ਵਿਚ ਕਿਸੇ ਹੋਰ ਰਾਗ ਦੀ ਧੀ ਹੈ ਅਤੇ ਉਹੀ ਚੌਥੀ ਰਾਗਮਾਲਾ ਵਿਚ ਕਿਸੇ ਹੋਰ ਰਾਗ ਦੀ ਨੂੰਹ ਹੈ। ਸੋ ਇਹ ਰਾਗਮਾਲਾਂ ਸਿਰਫ਼ ਸੰਗੀਤਕਾਰਾਂ ਦੀ ਸੁਵਿੱਧਾ ਲਈ ਹੀ ਹਨ ਅਤੇ ਇਹਨਾਂ ਤੋਂ ਇਹੀ ਪਤਾ ਲਗਦਾ ਹੈ ਕਿ ਕਿਸ ਤਰ੍ਹਾਂ ਸੁਰ ਪਰਿਵਰਤਣ ਨਾਲ ਅੱਗੇ ਤੋਂ ਅੱਗੇ ਰਾਗ ਬਣਦੇ ਹਨ ਅਤੇ ਕਿਵੇਂ ਮਿਲਦੀਆਂ ਸੁਰਾਂ ਵਾਲੇ ਰਾਗ ਇਕ ਪਰਵਾਰ ਦੇ ਮੰਨੇ ਗਏ ਹਨ।

ਰਾਗ ਜੀਵ ਨਹੀਂ ਹਨ ਕਿ ਇਹਨਾਂ ਦੇ ਪਤੀ, ਪਤਨੀਆਂ, ਪੁੱਤ, ਧੀਆਂ ਤੇ ਨੂੰਹਾਂ ਹੋਣ। ਰਾਗਾਂ ਦੇ ਸਰੂਪ ਤੇ ਭੇਸ ਸੰਗੀਤ-ਆਚਾਰੀਆਂ ਦੀ ਮਨੋ-ਕਲਪਨਾ ਹੈ। ਨਾ ਹੀ ਰਾਗਾਂ ਦੀ ਗਿਣਤੀ ਸਿਰਫ਼ ੮੪ ਜਾਂ ੧੩੨ ਜਾਂ ੧੯੦ ਹੈ। ਇਹ ਤਾਂ ਸਦਾ ਵਧਦੀ ਆਈ ਹੈ ਅਤੇ ਵਧਦੀ ਰਹੇਗੀ। ਰਾਗ ਰਾਗਣੀਆਂ ਦੇ ਪਰਵਾਰਾਂ ਦਾ ਅੰਤ ਨਹੀਂ ਅਤੇ ਉਹਨਾਂ ਰਾਹੀਂ ਵਾਹਿਗੁਰੂ ਦੀ ਸਿਫ਼ਤ ਸਾਲਾਹ ਕਰਨ ਵਾਲਿਆਂ ਦਾ ਵੀ ਅੰਤ ਨਹੀਂ।

"ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ?
ਕੇਤੇ ਤੇਰੇ ਗਾਵਣਹਾਰੇ ?" [ਰਹਰਾਸਿ

ਆਓ ਹੁਣ ਵਿਚਾਰ ਕਰੀਏ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਅੰਤਲੀ ਰਾਗਮਾਲਾ 'ਤੇ।

ਕਾਮ ਕੰਦਲਾ ਕਸ਼ਮੀਰ ਦੀ ਇਕ ਗਾਇਕਾ ਨਾਚੀ ਸੀ ਤੇ ਮਾਧਵਾਨਲ ਉਸ ਦਾ ਪ੍ਰੇਮੀ। ਕਥਾ ਅਨੁਸਾਰ, ਕਾਮ ਕੰਦਲਾ ੮੪ ਰਾਗ ਗਾਉਂਦੀ ਸੀ। ਇਹਨਾਂ ਪ੍ਰੇਮੀਆਂ ਦਾ ਪ੍ਰੇਮ-ਕਿੱਸਾ ਆਲਮ ਕਵੀ ਨੇ ਪੁਰਾਣੀਆਂ ਲਿਖਤਾਂ ਦੇ ਆਧਾਰ ਤੇ ਹਿੰਦੀ ਵਿਚ ੯੯੧ ਹਿਜਰੀ, ੧੬੪੦ ਬਿਕ੍ਰਮੀ, ੧੫੮੩ ਈਸਵੀ ਵਿਚ ਲਿਖਿਆ, ਜਾਣਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਬੱਝਣ ਤੋਂ ੨੧ ਸਾਲ ਪਹਿਲਾਂ। ਉਹਨਾਂ ਹੀ ੮੪ ਰਾਗਾਂ ਦੀ ਰਾਗਮਾਲਾ 'ਮਾਧਵਾਮਲ' ਗ੍ਰੰਥ ਵਿਚ ਸੀ।

ਆਪਣੀ ਰਚਨਾ ਵਿਚ ਆਲਮ ਕਵੀ ਨੇ ਇਉਂ ਲਿਖਿਆ ਹੈ–

'ਸੰਮਤ ਨੌ ਸੈ ਏਕਾਨਵਾ ਆਹੀ।'

ਆਲਮ ਕਵੀ ਇਹ ਵੀ ਲਿਖਦਾ ਹੈ–

ਕਥਾ ਸੰਸਕ੍ਰਿਤ ਸੁਨੀ ਕਛੁ ਥੋਰੀ।
ਭਾਖਾ ਬਾਂਧ ਚੌਪਈ ਜੋਰੀ।
ਕਛੁ ਅਪਨੀ ਕਛੁ ਪਰ-ਕ੍ਰਿਤ ਚੋਰੋਂ,
ਯਥਾ-ਸ਼ਕਤਿ ਕਰਿ ਅਕਸ਼ਰ ਜੋਰੋਂ।

ਹਿੰਦੀ ਰਚਨਾ ਦੇ ਗੁਰਮੁਖੀ ਲਿਪੀ ਵਿਚ ਹੋਏ ਉਤਾਰੇ ਹਿੰਦੀ ਨਾਲੋਂ ਕੁਝ ਫ਼ਰਕ ਪਾ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਅੰਤਲੀ ਰਾਗਮਾਲਾ ਆਲਮ ਕਵੀ ਦੇ 'ਮਾਧਵਾਨਲ' ਵਾਲੀ ਰਾਗਮਾਲਾ ਨਾਲ ਭਾਵੇਂ ਪੂਰੀ ਤਰ੍ਹਾਂ ਨਹੀਂ ਮਿਲਦੀ, ਪਰ ਬਹੁਤ ਜ਼ਿਆਦਾ ਮਿਲਦੀ ਹੈ। ਹਿੰਦੀ ਨੁਸਖ਼ੇ ਵਿਚ ਕੁਝ ਨਾਵਾਂ ਦਾ ਫ਼ਰਕ ਹੈ। ਜਿਵੇਂ 'ਅਸਲੇਖੀ' ਦੀ ਥਾਂ 'ਆਸਾਲੋਭੀ' ਤੇ 'ਚੰਦ੍ਰਬਿੰਬ' ਦੀ ਥਾਂ 'ਚੰਦ੍ਰਗ੍ਰਸਨ' ਹੈ, 'ਵਿਹੰਗ' ਤੇ 'ਹਰਯਾਵਲ' ਆਦਿਕ ਨਵੇਂ ਨਾਉਂ ਵੀ ਹਨ।

ਸਭ ਤੋਂ ਪਹਿਲਾਂ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ, 'ਰਾਗਮਾਲਾ ਸ੍ਰੀ ਗੂਰੂ ਕ੍ਰਿਤ ਨਹਿ।' ਭਾਈ ਕਾਹਨ ਸਿੰਘ ਜੀ ਨਾਭਾ, ਭਾਈ ਰਣਧੀਰ ਸਿੰਘ ਜੀ ਅਤੇ ਪ੍ਰੋ: ਸਾਹਿਬ ਸਿੰਘ ਜੀ ਵੀ ਇਹੀ ਨਿਸਚਾ ਰਖਦੇ ਹਨ।

'ਸਿਖ ਰਹਿਤ ਮਰਯਾਦਾ' ਦੀ ਪਹਿਲੀ ਐਡੀਸ਼ਨ (੧੯੩੮) ਵਿਚ ਲਿਖਿਆ ਗਿਆ ਸੀ–"ਭੋਗ ਮੁੰਦਾਵਣੀ ਤੇ ਪਾਇਆ ਜਾਵੇ ਅਤੇ ਰਾਗਮਾਲਾ ਨਾ ਪੜ੍ਹੀ ਜਾਵੇ, ਪਰ ਰਾਗਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ, ਕਿਉਂਕਿ ਇਸ ਗੱਲ ਬਾਰੇ ਪੰਥ ਵਿਚ ਅਜੇ ਤਕ ਮਤਭੇਦ ਹੈ।"

ਪਰ ਪਿਛੋਂ ਦੀਆਂ ਐਡੀਸ਼ਨਾਂ ਵਿਚ ਇਸ ਤਰ੍ਹਾਂ ਸੋਧ ਕਰ ਦਿਤੀ ਗਈ, "ਭੋਗ ਮੁੰਦਾਵਣੀ ਉਤੇ ਜਾਂ ਰਾਗਮਾਲਾ ਪੜ੍ਹ ਕੇ ਸਥਾਨਕ ਰੀਤੀ ਅਨੁਸਾਰ ਪਾਇਆ ਜਾਵੇ। ਰਾਗਮਾਲਾ ਬਾਰੇ ਅਜੇ ਤਕ ਪੰਥ ਵਿਚ ਮਤਭੇਦ ਹੈ, ਇਸ ਲਈ ਰਾਗਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ।"

ਅਸਾਂ ਸਾਹਿਤਕ ਤੌਰ ਤ ਦੋ ਵਿਚਾਰਾਂ ਕਰਨੀਆਂ ਹਨ–

(੧) ਕੀ ਰਾਗਮਾਲਾ ਗੁਰੂ ਕ੍ਰਿਤ ਹੈ?

(੨) ਕੀ ਇਹ ਸਤਿਗੁਰੂ ਨੇ ਸ੍ਰੀ ਗੁਰੂ ਸਾਹਿਬ ਵਿਚ ਚੜ੍ਹਾਈ?

**ਰਾਗਮਾਲਾ ਦਾ ਢਾਂਚਾ**

(ਚੌਪਈ) ਛੇ ਰਾਗ, ਹਰੇਕ ਦੀਆਂ ਪੰਜ ਪੰਜ ਵਹੁਟੀਆਂ ਤੇ ਅੱਠ ਅੱਠ ਪੁੱਤ :–

**੧. ਭੈਰਉ ਰਾਗ :**

ਵਹੁਟੀਆਂ–ਭੈਰਵੀ, ਬਿਲਾਵਲੀ, ਪੁੰਨਿਆਕੀ, ਬੰਗਲੀ, ਅਸਲੇਖੀ।
ਪੁੱਤ–ਪੰਚਮ, ਹਰਖ, ਦਿਸਾਖ, ਬੰਗਾਲਮ, ਮਧੁ, ਮਾਧਵ।੧।
(ਦੋਹਿਰਾ) ਲਲਤ, ਬਿਲਾਵਲ।੧।

੨. ਮਾਲਕਉਸਕ :

(ਚੌਪਈ) ਵਹੁਟੀਆਂ–ਗੋਂਡਕਰੀ, ਦੇਵਗੰਧਾਰੀ, ਗੰਧਾਰੀ, ਸੀਹੁਤੀ, ਧਨਾਸਰੀ।

ਪੁੱਤ–ਮਾਰੂ, ਮਸਤਅੰਗ, ਮੇਵਾਰਾ, ਪ੍ਰਬਲ ਚੰਡ, ਕਉਸਕ, ਉਭਾਰਾ, ਖਉਖਟ, ਭਉਰਾਨਦ।੧।

੩. ਹਿੰਡੋਲ :

(ਸੋਰਠਾ) ਪੰਜ ਵਹੁਟੀਆਂ, ਅੱਠ ਪੁੱਤ।

(ਚੌਪਈ) ਵਹੁਟੀਆਂ–ਤੇਲੰਗੀ, ਦੇਵਕਰੀ, ਬਸੰਤੀ, ਸੰਦੂਰ, ਸਰਸ ਅਹੀਰੀ।

ਪੁੱਤ–ਸੁਰਮਾਨੰਦ, ਭਾਸਕਰ, ਚੰਦ੍ਰਬਿੰਬ, ਮੰਗਲਨ, ਸਰਸ ਬਾਨ, ਬਿਨੋਦਾ, ਬਸੰਤ, ਕਮੋਦਾ।

੪. ਦੀਪਕ :

(ਦੋਹਿਰਾ) ਵਹੁਟੀਆਂ–ਕਛੇਲੀ, ਪਟਮੰਜਰੀ, ਟੋਡੀ, ਕਾਮੋਦੀ, ਗੂਜਰੀ।

(ਚੌਪਈ) ਪੁੱਤ–ਕਾਲੰਕਾ, ਕੁੰਤਲ, ਰਾਮਾ, ਕਮਲ ਕੁਸਮ, ਚੰਪਕ, ਗਉਰਾ, ਕਾਨਰਾ, ਕਲ੍ਯਾਨਾ।੧।

੫. ਸਿਰੀਰਾਗ :

(ਚੌਪਈ) ਵਹੁਟੀਆਂ–ਬੈਰਾਗੀ, ਕਰਨਾਟੀ, ਗਵਰੀ, ਆਸਾਵਰੀ, ਸਿੰਧਵੀ।੧।

(ਦੋਹਿਰਾ) ਪੁੱਤ–ਸਾਲੂ, ਸਾਰਗ, ਸਾਗਰਾ, ਗੋਂਡ, ਗੰਭੀਰ, ਗੁੰਡ, ਕੁੰਭ, ਹਮੀਰ।੧।

੬. ਮੇਘ ਰਾਗ :

(ਚੌਪਈ)ਵਹੁਟੀਆਂ–ਸੋਰਠਿ, ਗੋਂਡ, ਮਲਾਰੀ, ਆਸਾ, ਸੂਹਉ।੧।

(ਚੌਪਈ) ਪੁੱਤ–ਬੈਰਾਧਰ, ਗਜਧਰ, ਕੇਦਾਰਾ, ਜਬਲੀਧਰ, ਨਟ, ਜਲਧਾਰਾ, ਸੰਕਰ, ਸਿਆਮਾ।੧।

(ਦੋਹਰਾ) ੬ ਰਾਗ, ੩੦ ਵਹੁਟੀਆਂ, ੪੮ ਪੁੱਤ।੧।੧।

ਹੇਠ ਲਿਖੇ ਨੁਕਤੇ ਠੰਢੇ ਦਿਲ ਨਾਲ ਵਿਚਾਰੇ ਜਾਣੇ ਚਾਹੀਦੇ ਹਨ :-

੧. ਰਾਗਮਾਲਾ ਸਿਰਫ਼ ਰਾਗਾਂ ਦੀ ਲਿਸਟ ਹੈ, ਇਸ ਵਿਚ ਆਤਮਿਕ ਗਿਆਨ ਦਾ ਭੋਰਾ ਵੀ ਨਹੀਂ। ਜਿਹੜੇ ਵਿਅਕਤੀ ਰਾਗਮਾਲਾ ਦੇ ਤਥਾ ਕਥਿਤ ਅੰਤ੍ਰੀਵ ਅਰਥ ਕਰਦੇ ਹਨ ਅਤੇ ਸ਼ਬਦਾਂ ਨੂੰ ਮਨ-ਮਰਜ਼ੀ ਨਾਲ ਤੋੜ ਮਰੋੜ ਕੇ ਇਸ ਤੋਂ ਆਤਮਿਕ ਗਿਆਨ ਦਾ ਉਪਦੇਸ਼ ਮੰਨਦੇ ਹਨ, ਉਹ ਅਰਥ ਵਿਆਕਰਣ ਅਨੁਸਾਰ ਕਤੱਈ ਠੀਕ ਨਹੀਂ ਮੰਨੇ ਜਾ ਸਕਦੇ। ਉਹ ਵਿਅਕਤੀ ਅੱਖਰਾਂ, ਸ਼ਬਦਾਂ ਤੇ ਲਗਾਂ ਮਾਤਰਾਂ ਨੂੰ ਤੋੜ ਮਰੋੜ ਕੇ ਕੁਝ ਦਾ ਕੁਝ ਬਣਾ ਦਿੰਦੇ ਹਨ। ਉਹ ਵਿਆਕਰਣਿਕ ਨਿਯਮਾਂ ਦੀ ਜੇਖਣਾ ਪੁੱਟ ਕੇ ਅਰਥ ਦਾ ਅਨਰਥ ਕਰ ਦਿੰਦੇ ਹਨ ਅਤੇ ਪੱਲੇ ਕਿਸੇ ਦੇ ਫਿਰ ਵੀ ਕੁਝ ਨਹੀਂ ਪੈਂਦਾ।

੨. ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਰੇਕ ਰਾਗ, ਉਸ ਦੀ ਵਹੁਟੀ, ਪੁੱਤ, ਧੀ ਅਤੇ ਨੂੰਹ ਲਈ ਸ਼ਬਦ 'ਰਾਗੁ' ਵਰਤਿਆ ਹੈ, ਜੋ ਪੁਲਿੰਗ, ਇਕ-ਵਚਨ ਹੈ। ਸੋ ਗੁਰੂ ਸਾਹਿਬਾਨ ਦੇ ਦ੍ਰਿਸ਼ਟੀ-ਕੋਣ ਤੋਂ ਰਾਗ ਤੇ ਰਾਗਣੀਆਂ ਦੀ ਵੰਡ ਕੋਈ ਮਹਾਨਤਾ ਨਹੀਂ ਰਖਦੀ। "ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ" ਦਾ ਭਾਵ ਇਹ ਹੈ ਕਿ ਸਤਿਗੁਰੂ ਦੇ ਮੇਲ ਨਾਲ ਮਨ ਨੂੰ ਅਕਹਿ ਅਨੰਦ ਹੋ ਰਿਹਾ ਹੈ ਅਤੇ ਮਨ ਸਹਿਜ ਅਵਸਥਾ ਵਿਚ ਇਉਂ ਸਿਫ਼ਤ ਸਲਾਹ ਕਰ ਰਿਹਾ ਹੈ ਕਿ, ਵਾਹਿਗੁਰੂ ਦੀ ਮਾਨੋ ਸੋਹਣੀਆਂ ਰਾਗਣੀਆਂ ਆਪਣੇ ਪਤੀਆਂ ਸੋਹਣੇ ਰਾਗਾਂ ਤੇ ਪਰਵਾਰਾਂ ਸਮੇਤ ਸਿਫ਼ਤ ਸਲਾਹ ਕਰਨ ਆਈਆਂ ਹੋਈਆਂ ਹਨ।

ਕਿਸੇ ਇੰਦਰਪੁਰੀ ਤੋਂ ਕੋਈ ਪਰੀਆਂ ਨਹੀਂ ਆਉਂਦੀਆਂ। ਗੁਰਸਿਖਾਂ ਲਈ ਇੰਦਰ, ਇੰਦਰਪੁਰੀ ਅਤੇ ਪਰੀਆਂ ਦੀ ਕੋਈ ਮਹਾਨਤਾ ਨਹੀਂ। ਰਾਗਾਂ ਦਾ ਕੋਈ ਭੌਤਿਕ ਸਰੀਰ ਨਹੀਂ, ਸੋ ਉਹਨਾਂ ਨੂੰ ਹਿੰਦੂ, ਸਿਖ ਜਾਂ ਮੁਸਲਿਮ ਆਦਿਕ ਨਹੀਂ ਸਮਝਣਾ ਚਾਹੀਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨਹਦ ਸ਼ਬਦ, ਅਨਹਤ ਸ਼ਬਦ, ਅਨਾਹਤ ਸ਼ਬਦ,

ਅਨਹਤ ਨਾਦ, ਅਨਹਦ ਨਾਦ, ਅਨਹਦ ਬਾਣੀ, ਅਨਹਤ ਬਾਣੀ ਜਾਂ ਪੰਚ ਸ਼ਬਦ ਦਾ ਜ਼ਿਕਰ ਆਉਂਦਾ ਹੈ, ਉਹ ਵੀ ਮਨ ਦੀ ਵਿਸਮਾਦ ਅਵਸਥਾ ਵਰਨਣ ਕਰਨ ਦੇ ਰਾਗ-ਮਈ ਸੰਕੇਤ ਹਨ। ਸਾਡੇ ਅੰਦਰ ਉਹ ਇਕ-ਰਸ ਖ਼ੁਸ਼ੀ ਆਉਂਦੀ ਹੈ, ਮਾਨੋ ਸ੍ਰੇਸ਼ਟ ਕਿਸਮ ਦੇ ਵਾਜੇ ਸੁਣ ਕੇ ਆ ਰਹੀ ਹੋਵੇ।

ਸਾਡੇ ਅੰਦਰ ਢੋਲਕੀਆਂ ਚਿਮਟੇ ਨਹੀਂ ਵੱਜ ਰਹੇ। ਹਰੇਕ ਤਰ੍ਹਾਂ ਦੇ ਵਾਜੇ ਤਾਂ ਅਸੀਂ ਆਪ ਵਜਾ ਕੇ ਸੁਣ ਸਕਦੇ ਹਾਂ। ਅੰਦਰਲੇ ਵਾਜੇ, ਸ਼ਬਦ, ਨਾਦ, ਧੁਨਾਂ ਵਜਾਈਆਂ ਨਹੀਂ ਵੱਜਦੀਆਂ, ਇਹ ਰੋ ਤਾਂ ਅਨਹਦ ਝੁਨਕਾਰਾਂ ਰਾਹੀਂ ਅਨੁਭਵ ਹੀ ਹੁੰਦੀ ਹੈ। ਸੰਖ, ਬੰਸਰੀ, ਛੈਣੇ, ਮ੍ਰਿਦੰਗ ਆਦਿ ਦੀਆਂ ਅਵਾਜ਼ਾਂ ਦੇ ਚਸਕਾਲੂਆਂ ਨੂੰ ਸਿਰਫ ਉਹੋ ਜਿਹੇ ਵਾਜੇ ਸੁਣਦੇ ਹਨ ਜਿਹੋ ਜਿਹੇ ਉਹਨਾਂ ਹੱਥੀਂ ਵਜਾਏ, ਕੰਨੀਂ ਸੁਣੇ ਹੋਣ, ਅਣਸੁਣੀ ਆਵਾਜ਼ ਦਾ ਅਨੁਭਵ ਦਿਮਾਗ ਨੂੰ ਅਥਵਾ ਮਨ ਨੂੰ ਨਹੀਂ ਹੋ ਸਕਦਾ, ਇਸੇ ਲਈ ਪੰਜ ਪੰਜ ਕਿਸਮ ਦੇ ਪੰਜ ਸ਼ਬਦ ਮੰਨੇ ਗਏ ਹਨ ਅਤੇ ਇਉਂ ਪੰਝੀ ਸ਼ਬਦ ਹੋ ਜਾਂਦੇ ਹਨ।

੩. ਸਿਰਲੇਖ 'ਰਾਗਮਾਲਾ' ਤੋਂ ਜਾਂ ਕਿਸੇ ਅਗਲੇ ਪਿਛਲੇ ਹਵਾਲੇ ਤੋਂ ਇਹ ਜ਼ਾਹਿਰ ਨਹੀਂ ਹੁੰਦਾ ਕਿ ਇਹ ਕਿਸੇ ਗੁਰ-ਵਿਅਕਤੀ, ਭਗਤ ਜਾਂ ਭੱਟ ਦੀ ਬਾਣੀ ਹੋਵੇ।

੪. 'ਪੁਨਹ' ਸੰਸਕ੍ਰਿਤ ਦਾ ਸ਼ਬਦ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਪੁਰਾਣੀ ਪੰਜਾਬੀ ਰੂਪ 'ਫੁਨਿ' ਹੀ ਵਰਤਿਆ ਗਿਆ ਹੈ, ਪਰ ਰਾਗਮਾਲਾ ਵਿਚ 'ਪੁਨਿ' ਵਰਤਿਆ ਗਿਆ ਹੈ। 'ਪੁਨਿ ਅਸਲੇਖੀ ਕੀ ਭਈ ਬਾਰੀ', 'ਪੁਨਿ ਆਇਉ ਹਿੰਡੋਲ', ਪੁਨਿ ਆਈ ਦੀਪਕ ਕੀ ਬਾਰੀ', ਪੁਨਿ ਗਾਵਹਿ ਆਸਾ ਗੁਨਗੁਨੀ', 'ਊਚੇ ਸੁਰਿ ਸੂਹਉ ਪੁਨਿ ਕੀਨੀ', 'ਪੁਨਿ ਗਾਵਹਿ ਸੰਕਰ ਅਉ ਸਿਆਮਾ'।

੫. ਰਾਗਮਾਲਾ ਦੀ ਪਹਿਲੀ ਚੌਪਈ ਦੇ ਦਸ ਚਰਨ ਹਨ। ਪਿੰਗਲ ਅਨੁਸਾਰ ਚਾਹੀਦੇ ਸਨ ਅੱਠ ਜਾਂ ਫਿਰ ਬਾਰ੍ਹਾਂ।

੬. ਪਹਿਲੀ ਚੌਪਈ ਵਿਚ ਹੀ ਭੈਰਉ ਰਾਗ ਦੇ ਪੁੱਤਾਂ ਦੇ ਨਾਉਂ

ਨਹੀਂ ਮੁਕਾਏ ਗਏ ਅਤੇ ਅਗਲਾ ਦੋਹਿਰਾ ਵੀ ਇਸੇ ਕੰਮ ਲਈ ਵਰਤਿਆ ਗਿਆ ਹੈ। ਇਹ ਵਿਉਂਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਨਹੀਂ। ਚੌਪਈ ਲੰਬੀ ਹੋਣ ਕਰਕੇ ਸਾਰੇ ਹੀ ਪੁੱਤ ਵਿਚੇ ਲਿਆਂਦੇ ਜਾ ਸਕਦੇ ਹਨ।

੭. 'ਗੋਡ' ਸਿਰੀਰਾਗ ਦਾ ਪੁੱਤ ਵੀ ਹੈ–'ਸਾਲੂ ਸਾਰਗ ਸਾਗਰਾ ਅਉਰ ਗੋਡ ਗੰਭੀਰ'। ਪਰ 'ਗੋਡ' ਮੇਘ ਰਾਗ ਦੀ ਵਹੁਟੀ ਵੀ ਹੈ– 'ਸੋਰਠਿ ਗੋਡ ਮਲਾਰੀ ਧੁਨੀ'। ਇਹ ਗੱਲ ਬੜੀ ਅਜੀਬ ਹੈ। ਇਸ ਝਟਪਟੇ ਲਿੰਗ ਪਰਿਵਰਤਣ ਦਾ ਕੀ ਕਾਰਨ? ਲਿਖਾਰੀ ਨੇ ਇੰਜ ਕਿਉਂ ਕੀਤਾ? ਆਲਮ ਕਵੀ ਦੀ ਰਾਗਮਾਲਾ ਦੇ ਹਿੰਦੀ ਨੁਸਖ਼ੇ ਵਿਚ ਸਿਰੀ ਰਾਗ ਦੇ ਪੁੱਤ ਦਾ ਨਾਉਂ 'ਗਵਾਰਾ' ਲਿਖਿਆ ਹੈ ਅਤੇ ਮੇਘ ਰਾਗ ਦੀ ਵਹੁਟੀ ਦਾ ਨਾਉਂ 'ਕੁੰਭਨੀ', ਪਰ ਗੁਰਮੁਖੀ ਨੁਸਖ਼ਿਆਂ ਵਿਚ ਇਹੀ ਗ਼ਲਤੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਅੰਤਲੀ ਰਾਗਮਾਲਾ ਵਿਚ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੇਠਲੇ ੩੧ ਰਾਗ ਹਨ–

ਸਿਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸੁ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲੁ, ਗੋਂਡ, ਰਾਮਕਲੀ, ਨਟ ਨਰਾਇਨ, ਮਾਲੀ-ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਨ, ਪ੍ਰਭਾਤੀ ਤੇ ਜੈਜਾਵੰਤੀ।

ਇਸ ਤੋਂ ਬਿਨਾਂ ਹੇਠ ਲਿਖੇ ਪੰਜ ਰਾਗ ਹੋਰ ਰਾਗਾਂ ਨਾਲ ਰਲਾ ਕੇ ਗਾਉਣ ਦੀ ਹਦਾਇਤ ਹੈ :–

ਲਲਤ, ਹਿੰਡੋਲ, ਭੋਪਾਲੀ, ਬਿਭਾਸ, ਕਾਫੀ।

'ਆਸਾਵਰੀ' ਰਾਗ 'ਆਸਾ' ਦੇ ਵਿਚ ਹੀ ਦਰਜ ਹੈ।

ਸੋ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁਲ ੩੧+੬=੩੭ ਰਾਗਾਂ ਦਾ ਵਰਨਣ ਹੈ।

੮. ਰਾਗਮਾਲਾ ਵਿਚ ਦਿਤੇ ਗਏ ਵਡੇ ੬ ਰਾਗਾਂ ਵਿਚ ਭੈਰਉ ਰਾਗ ਪਹਿਲਾ ਹੈ, ਪਰ ਇਹ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ

ਚੋਵੀਵਾਂ ਹੈ।

੯. ਰਾਗਮਾਲਾ ਵਿਚ ਦਿਤੇ ਗਏ ਵਡੇ ੬ ਰਾਗਾਂ ਵਿਚ ਸਿਰੀ ਰਾਗ ਪੰਜਵਾਂ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਹ ਸਭ ਤੋਂ ਪਹਿਲਾ ਹੈ। ਜੇ ਰਾਗਮਾਲਾ ਗੁਰੂ ਕ੍ਰਿਤ ਹੁੰਦੀ ਤਾਂ ਉਹ ਰਾਗਮਾਲਾ ਵਿਚ ਵੀ ਇਸੇ ਰਾਗ ਨੂੰ ਹੀ ਪਹਿਲ ਦਿੰਦੇ। ਸ਼ਿਵ ਮਤ ਤੇ ਕਾਲੀਨਾਥ (ਕ੍ਰਿਸ਼ਨ) ਮਤ ਵਾਲੇ ਵੀ ਤਾਂ ਸਿਰੀ ਰਾਗ ਨੂੰ ਹੀ ਪਹਿਲ ਦਿੰਦੇ ਹਨ।

੧੦. ਰਾਗਮਾਲਾ ਵਿਚ ਦਿੱਤੇ ਗਏ ਵਡੇ ੬ ਰਾਗਾਂ ਵਿਚੋਂ ਚਾਰ ਰਾਗ—ਮਾਲ ਕਉਸਕ, ਹਿੰਡੋਲ, ਦੀਪਕ ਤੇ ਮੇਘ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਨ ਹੀ ਨਹੀਂ। ਹਾਂ, 'ਹਿੰਡੋਲ' ਨੂੰ 'ਬਸੰਤ' ਰਾਗ ਨਾਲ ਰਲਾ ਕੇ ਗਾਉਣ ਦੀ ਹਦਾਇਤ ਜ਼ਰੂਰ ਹੈ।

੧੧. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿਤੇ ਗਏ ੩੧ ਰਾਗਾਂ ਵਿਚੋਂ ਹੇਠਲੇ ੯ ਰਾਗ ਇਸ ਰਾਗ-ਮਾਲਾ ਵਿਚ ਹਨ ਹੀ ਨਹੀਂ-ਮਾਝ, ਬਿਹਾਗੜਾ, ਵਡਹੰਸ, ਜੈਤਸਰੀ, ਰਾਮਕਲੀ, ਮਾਲੀ ਗਉੜਾ, ਤੁਖਾਰੀ, ਪ੍ਰਭਾਤੀ ਤੇ ਜੈਜਾਵੰਤੀ।

ਹੋਰਨਾਂ ਰਾਗਾਂ ਨਾਲ ਰਲਾ ਕੇ ਗਾਏ ਜਾਣ ਦੀ ਹਦਾਇਤ ਵਾਲੇ ਪੰਜ ਰਾਗਾਂ ਵਿਚੋਂ ਵੀ ਹੇਠ ਲਿਖੇ ਤਿੰਨ ਰਾਗ ਇਸ ਰਾਗਮਾਲਾ ਵਿਚ ਨਹੀਂ ਹਨ :— ਭੋਪਾਲੀ, ਬਿਭਾਸ ਤੇ ਕਾਫੀ।

ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਣਾਏ ਗਏ ੩੧+੬=੩੭ ਰਾਗਾਂ ਵਿਚੋਂ ੧੨ ਰਾਗ ਇਸ ਰਾਗਮਾਲਾ ਵਿਚ ਨਹੀਂ ਅਤੇ ਇਸ ਵਿਚ ੫੯ ਉਹਨਾਂ ਰਾਗਾਂ ਦਾ ਜ਼ਿਕਰ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਨ ਹੀ ਨਹੀਂ। ਕਿੰਨੀ ਹੈਰਾਨੀ ਦੀ ਗੱਲ ਹੈ! ਜੇ ਰਾਗਮਾਲਾ ਗੁਰੂ ਕ੍ਰਿਤ ਹੁੰਦੀ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਸਾਰੇ ਰਾਗ ਇਸ ਵਿਚ ਹੁੰਦੇ, ਨਾ ਕਿ ਉਹਨਾਂ ਵਿਚੋਂ ਸਿਰਫ਼ ੨੫ ਰਾਗ ਹੀ ਹੁੰਦੇ।

ਆਓ ਹੁਣ ਦੂਜੀ ਵਿਚਾਰ ਵਲ। ਕੀ ਇਹ ਰਾਗਮਾਲਾ ਸ੍ਰੀ ਗੁਰੂ ਅਰਜਨ ਦੇਵ ਜਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾਈ ਹੈ?

ਮੈਂ ੧੯੩੪-੩੫ ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਪ੍ਰੋ: ਸਾਹਿਬ ਸਿੰਘ ਜੀ ਤੋਂ ਸ੍ਰੀ ਗੁਰੂ ਗ੍ਰੰਥ ਜੀ ਦੇ ਅਰਥ ਪੜ੍ਹਨ ਸਮੇਂ, ਉਹਨਾਂ ਪਾਸ ਬੈਠ ਕੇ ਅਤੇ ਉਹਨਾਂ ਨਾਲ ਮਿਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਦਿ ਤੋਂ ਅੰਤ ਤਾਈਂ ਦਿਤੇ ਗਏ ਸਾਰੇ ਅੰਕਾਂ ਦੀ ਖੋਜ ਪੜਤਾਲ ਕੀਤੀ ਸੀ। ਰੋਜ਼ ਇਕ ਇਕ ਘੰਟਾ ਖ਼ਰਚ ਕਰ ਕੇ ਸਾਡੇ ੧੬ ਘੰਟੇ ਲੱਗਾ ਸਨ। ਕੋਈ ਵੀ ਵਿਅਕਤੀ ਇਹ ਖੋਜ ਪੜਤਾਲ ਕਰ ਕੇ ਵੇਖ ਸਕਦਾ ਹੈ। ਇਸ ਪੜਤਾਲ ਤੋਂ ਪਤਾ ਲਗਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿਤੇ ਗਏ ਸਾਰੇ ਅੰਕਾਂ ਦੀ ਇਕ ਖ਼ਾਸ ਵਿਉਂਤ ਹੈ। ਇਹ ਵਿਉਂਤ ਇਉਂ ਹੈ :–

ਹਰੇਕ ਸ਼ਬਦ ਪਦਿਆਂ ਵਿਚ ਵੰਡਿਆ ਹੋਇਆ ਹੈ ਤੇ ਹਰੇਕ ਪਦੇ ਦਾ ਵਖਰਾ ਅੰਕ ਹੈ। ਸ਼ਬਦ ਦੇ ਅੰਤ ਵਿਚ ਪਦਿਆਂ ਦਾ ਜੋੜ ਦੇ ਕੇ ਉਸ ਸ਼ਬਦ ਦਾ ਆਪਣਾ ਅੰਕ ਦਿਤਾ ਹੋਇਆ ਹੈ ਤੇ ਫਿਰ ਪਿਛਲੇ ਸ਼ਬਦਾਂ ਨੂੰ ਮਿਲਾ ਕੇ ਵੱਡਾ ਜੋੜ ਦਿਤਾ ਹੋਇਆ ਹੈ। ਕਈ ਸ਼ਬਦਾਂ ਦੇ ਪਦਿਆਂ ਦਾ ਅੰਕ ਨਹੀਂ ਦਿਤਾ ਹੋਇਆ, ਸਗੋਂ ਅੰਤ ਵਿਚ ਉਹਨਾਂ ਦਾ ਸਮੁੱਚਾ ਅੰਕ ਦਿਤਾ ਹੋਇਆ ਹੈ। ਲੰਮੀਆਂ ਬਾਣੀਆਂ ਪਉੜੀਆਂ ਵਿਚ ਵੰਡੀਆਂ ਹੋਈਆਂ ਹਨ ਤੇ ਹਰੇਕ ਪਉੜੀ ਦਾ ਵੱਖਰਾ ਅੰਕ ਦੇ ਕੇ ਅੰਤ ਵਿਚ ਸਮੁੱਚੀ ਬਾਣੀ ਦਾ ਅੰਕ ਦਿਤਾ ਹੋਇਆ ਹੈ। ਇਹ ਵਿਉਂਤ ਰਾਗਮਾਲਾ ਵਿਚ ਨਹੀਂ ਹੈ। ਰਾਗਮਾਲਾ ਚੜ੍ਹਾਉਣ ਵਾਲੇ ਵਿਅਕਤੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਅੰਕ-ਵਿਉਂਤ ਦਾ ਗਿਆਨ ਨਹੀਂ ਸੀ, ਨਹੀਂ ਤਾਂ ਉਹ ਹਰੇਕ ਬੰਦ ਮਗਰੋਂ '੧' ਅੰਕ ਜੜ੍ਹਨ ਦੀ ਮਹਾਨ ਭੁੱਲ ਨਾ ਕਰਦਾ। ਪਰ ਉਸ ਦੀ ਇਹ ਭੁੱਲ ਗੁਣਕਾਰੀ ਸਾਬਤ ਹੋਈ ਹੈ, ਕਿਉਂਕਿ ਇਸ ਨਾਲ ਪਤਾ ਲੱਗ ਗਿਆ ਹੈ ਕਿ ਇਹ ਰਾਗਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਤਿਗੁਰਾਂ ਦੀ ਚੜ੍ਹਾਈ ਹੋਈ ਨਹੀਂ ਹੈ।

ਛਾਪੇ ਦੀਆਂ ਬੀੜਾਂ ਵਿਚ ਰਾਗਮਾਲਾ ਹੈ। ਇਹ ਬੀੜਾਂ ਸ੍ਰੀ ਦਮਦਮਾ ਸਾਹਿਬ ਵਾਲੀ ਬੀੜ ਦੇ ਉਤਾਰੇ ਹਨ। ਉਹ ਬੀੜ ਦਸਵੇਂ ਪਾਤਿਸ਼ਾਹ ਨੇ ਲਗਪਗ ਡੇਢ ਸਾਲ ਵਿਚ ਭਾਈ ਮਨੀ ਸਿੰਘ ਜੀ ਨੂੰ

ਲਿਖਾਈ ਸੀ । ਉਹ ਬੀੜ ਵੀ ਇਸ ਵੇਲੇ ਹੈ ਨਹੀਂ, ਕਿ ਉਸ ਤੋਂ ਤਸਦੀਕ ਕੀਤੀ ਜਾ ਸਕੇ । ਸੋ ਜਾਪਦਾ ਇਹ ਹੈ ਕਿ ਰਾਗਮਾਲਾ ਕਿਸੇ ਹੱਥ-ਲਿਖਤ ਬੀੜ ਵਿਚ ਸ੍ਰੀ ਦਸਮੇਸ਼ ਜੀ ਦੇ ਜੋਤੀ ਜੋਤਿ ਸਮਾਉਣ ਮਗਰੋਂ ਚਾੜ੍ਹੀ ਗਈ, ਸ਼ਰਧਾ, ਭੁਲੇਖੇ ਜਾਂ ਸ਼ਰਾਰਤ ਕਾਰਨ । ਕਿਸ ਨੇ ਚਾੜ੍ਹੀ ? ਇਹ ਪਤਾ ਨਹੀਂ ਲੱਗ ਰਿਹਾ । ਜੇ ਪੰਜਵੇਂ ਤੋਂ ਦਸਵੇਂ ਪਾਤਸ਼ਾਹ ਦੇ ਸਮੇਂ ਵਿਚ ਇਹ ਗੱਲ ਹੁੰਦੀ ਅਤੇ ਸਤਿਗੁਰਾਂ ਦੇ ਨੋਟਿਸ ਵਿਚ ਲਿਆਈ ਜਾਂਦੀ ਤਾਂ ਉਹ ਜ਼ਰੂਰ ਇਸ ਦਾ ਖੰਡਨ ਕਰਦੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਿਖਾਰੀਆਂ ਨੂੰ ਸੁਚੇਤ ਕਰ ਦਿੰਦੇ ਅਤੇ ਰਾਗਮਾਲਾ ਨੂੰ ਹੱਥ-ਲਿਖਤ ਬੀੜਾਂ ਵਿਚ ਲਿਖਣੋਂ ਵਰਜ ਦਿੰਦੇ ।

ਪਿਛੋਂ ਕਈ ਲਿਖਾਰੀ ਹੱਥ-ਲਿਖਤ ਬੀੜਾਂ ਵਿਚ ਰਾਗਮਾਲਾ ਲਿਖਣ ਲੱਗ ਪਏ, ਪਰ ਕਈਆਂ ਨੇ ਨਾ ਲਿਖੀ । ਖ਼ਾਲਸਾ ਜੀ ਨੂੰ ਜੰਗਾਂ ਯੁੱਧਾਂ, ਲੜਾਈਆਂ ਭੜਾਈਆਂ ਦੇ ਕਾਰਨ ਸੰਕਟ ਤੇ ਕਸ਼ਟ ਦਾ ਸਮਾਂ ਹੋਣ ਕਰਕੇ ਇਹ ਗੱਲ ਗੋਲਣ ਦਾ, ਸੋਚਣ ਦਾ ਵਿਹਲ ਹੀ ਨਾ ਲੱਗਾ ਕਿ ਇਹ ਰਾਗਮਾਲਾ ਕਿਉਂ ਚਾੜ੍ਹੀ ਜਾ ਰਹੀ ਹੈ । ਨਤੀਜੇ ਵਜੋਂ, ਪਿਛੋਂ ਛਾਪੇ ਦੀਆਂ ਸਾਰੀਆਂ ਬੀੜਾਂ ਵਿਚ ਰਾਗਮਾਲਾ ਛਪਣੀ ਪ੍ਰਚਲਤ ਹੋ ਗਈ ਅਤੇ ਹਾਲਾਂ ਤਾਈਂ ਵੀ ਮੱਖੀ ਤੇ ਮੱਖੀ ਮਾਰੀ ਜਾ ਰਹੀ ਹੈ । ਇਸ ਮਹਾਨ ਭੁੱਲ ਦੀ ਭੇਡ-ਚਾਲ ਨੇ ਖ਼ਾਲਸਾ ਪੰਥ ਨੂੰ ਹੈਰਾਨ ਕਰ ਰਖਿਆ ਹੈ ਅਤੇ ਇਸ ਤੋਂ ਛੁਟਕਾਰਾ ਨਸੀਬ ਹੋਣਾ ਕਠਿਨ ਸਮੱਸਿਆ ਬਣੀ ਪਈ ਹੈ । ਕਾਸ਼......

# ਐਡੀਟਰ 'ਖਾਲਸਾ ਸਮਾਚਾਰ' ਵਲ ਚਿਠੀ

(੧੯੪੧)

[ਗਿਆਨੀ ਅਰਜਨ ਸਿੰਘ ਜੀ ਵੈਦ ਕਵੀਰਾਜ]

ਗੁਰੂ ਘਰ ਦੇ ਅਨਿੰਨ ਸ਼ਰਧਾਲੂ ਅਤੇ ਖੋਜੀ ਵਿਦਵਾਨ ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਗੁਰ ਪ੍ਰਤਾਪ ਸੂਰਜ ਵਿਚ ਇਉਂ ਲਿਖਦੇ ਹਨ, ਯਥਾ :–

ਰਾਗਮਾਲਾ ਸ੍ਰੀ ਗੁਰ ਕੀ ਕ੍ਰਿਤ ਨਹਿ
ਹੈ ਮੁੰਦਾਵਣੀ ਲਗ ਗੁਰ ਬੈਨ ॥
ਇਸ ਮਹਿ ਨਹਿ ਸੰਸੈ ਕੁਛ ਕਰੀਅਹੁ
ਜੇ ਸੰਸ਼ੈ ਅਵਲੋਕਹੁ ਨੈਨ ॥
'ਮਾਧਵਨਲ' ਆਲਮ ਕਵਿ ਕੀਨਸ
ਤਿਸ ਮਹਿ ਨਿਰਤਕਾਰੀ ਕਹਿ ਤੈਨ ॥
ਰਾਗ ਰਾਗਨੀ ਨਾਮ ਗਿਨੇ ਤਹਿ
ਯਾਂ ਤੇ ਸ੍ਰੀ ਅਰਜਨ ਕ੍ਰਿਤ ਹੈ ਨ ॥......

ਅਗੇ–ਸ੍ਰੀ ਗੁਰੂ ਗਿਰਾ ਨਾਮ ਹਰਿ ਕੇ ਬਿਨ
ਮਹਿਮਾ ਸੰਤਨ ਬਿਨ ਨਹਿ ਕੀਨ ॥...ਇਤਿ ਆਦਿਕ

ਇਨ੍ਹਾਂ ਵਾਕਾਂ ਵਿਚ ਭਾਈ ਸੰਤੋਖ ਸਿੰਘ ਜੀ ਨੇ ਨਿਸਚੇ ਰੂਪ ਤੇ ਇਹ ਦਸਿਆ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ-ਬਾਣੀ ਵਿਚ*

* ਭਾਈ ਸਾਹਿਬ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੰਨ੍ਹਣ ਦੇ ਪ੍ਰਸੰਗ ਵਿਚ ਇਤਿਹਾਸਕ ਨੁਕਤੇ ਤੋਂ ਇਹ ਗੱਲ ਲਿਖਦੇ ਹਨ। ਓਸ ਸਮੇਂ ਨਾ ਕੋਈ ਝਗੜਾ ਸੀ ਅਤੇ ਨਾ ਹੀ ਕੋਈ ਧੜੇਬੰਦੀ ਸੀ।

ਹਰਿ ਕੀਰਤਨ ਅਤੇ ਸੰਤਾਂ ਦੀ ਮਹਿਮਾ ਬਿਨਾਂ ਹੋਰ ਕੁਝ ਮੁਖਤਾ* ਕਰ ਲਿਖਿਆ ਹੀ ਨਹੀਂ। ਤਾਂ ਤੇ 'ਰਾਗਮਾਲਾ' ਕੇਵਲ ਰਾਗਾਂ ਦੀ ਲੜੀ ਹੋਣ ਕਰਕੇ ਗੁਰਬਾਣੀ-ਲਛਣ ਸੰਜੁਗਤ ਨਹੀਂ ਹੋ ਸਕਦੀ।

ਪੰਡਿਤ ਸੋਭਾ ਸਿੰਘ ਗਿਆਨੀ ਨੇ ੧੯੦੬ ਬਿਕ੍ਰਮੀ (੧੮੪੯ ਈ:) ਦੀ ਦੀਪਮਾਲਾ ਦੇ ਸਮੇਂ ਸ੍ਰੀ ਅੰਮ੍ਰਿਤਸਰ ਜੀ ਵਿਖੇ ਗਏ ਹੋਏ ਸਮੂਹ ਸੰਤਾਂ ਮਹੰਤਾਂ ਅਤੇ ਵਿਦਵਾਨਾਂ ਨਾਲ ਵਿਚਾਰ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਬੀੜਾਂ ਤੇ ਲਿਖੀਆਂ ਹੋਈਆਂ ਰਾਗਮਾਲਾਂ ਉਪਰ ਹੜਤਾਲ ਫਿਰਾ ਕੇ ਆਪਣੇ ਜਾਣੇ ਸਦਾ ਲਈ †ਰਾਗਮਾਲਾ ਦਾ ਖੁਰਾ ਖੋਜ ਮਿਟਾ ਦਿਤਾ, ਪਰ ਪੰਥ ਦੀ ਬਦਕਿਸਮਤੀ ਨੂੰ ਬੇਸਮਝ ਪੁਜਾਰੀ ਮਹੰਤਾਂ ਨੇ (ਜੋ ਉਸ ਸਮੇਂ ਗੈਰਹਾਜ਼ਰ ਸਨ) ਉਕਤ ਫ਼ੈਸਲੇ ਨੂੰ ਨਾ ਮੰਨਦਿਆਂ ਹੋਇਆਂ ਰਹਿੰਦੀਆਂ ਬੀੜਾਂ ਉਪਰ ਵਸ ਲਗਦੀ ਰਾਗਮਾਲਾ ਨੂੰ ਮੁੜ ਚਾੜ੍ਹ ਦਿਤਾ। ਅਤੇ ਨਕਲੀ ਗੁਰ-ਬਿਲਾਸ ਲਿਖ ਕੇ ਰਾਗਮਾਲਾ ਦਾ ਪੱਖੀ, ਪੰਥ ਵਿਚ ਵਿਰੋਧੀ ਧੜਾ ਕਾਇਮ ਕਰ ਦਿਤਾ।

ਪਰੰਤੂ ਖੋਜੀ ਸਜਨ ਸਭ ਦੇ ਸਭ ਏਸ ਕੱਚੀ ਬਾਣੀ ਦੇ ਉਲਟ ਹੀ ਰਹੇ। ਜੈਸੇ ਪੰਡਿਤ ਤਾਰਾ ਸਿੰਘ ਨਰੋਤਮ ਆਪਣੇ ਰਚੇ ਹੋਏ 'ਸ੍ਰੀ ਗੁਰੂ ਗ੍ਰੰਥ ਕੋਸ਼' ('ਗੁਰੂ ਗਿਰਾਰਥ ਕੋਸ਼') ਅਤੇ 'ਗੁਰਮਤਿ ਨਿਰਣੈ ਸਾਗਰ' ਵਿਚ ਚੰਗੀ ਤਰ੍ਹਾਂ ਇਸ ਦਾ ਖੰਡਨ ਕਰਦੇ ਹਨ। ਪੰਡਿਤ ਗੋਬਿੰਦ ਸਿੰਘ ਜੀ ਇਤਿਹਾਸ ਗੁਰੂ ਖਾਲਸਾ ਵਿਚ ਇਸ ਨੂੰ ਫ਼ਾਲਤੂ ਬਾਣੀ ਲਿਖਦੇ ਹਨ।

ਗਿਆਨੀ ਗਿਆਨ ਸਿੰਘ ਜੀ 'ਪੰਥ ਸੇਵਕ' ਅਖਬਾਰ ਵਿਚ ਰਾਗਮਾਲਾ ਦੀ, ਇਸ ਦੀ ਹਿਮਾਇਤੀਆਂ ਸਣੇ ਚੰਗੀ ਤਰ੍ਹਾਂ ਕਲੀ ਖੋਲ੍ਹ ਦਿੰਦੇ ਹਨ। ਭਾਈ ਕਾਨ੍ਹ ਸਿੰਘ ਜੀ ਨਾਭਾ ਆਪਣੇ 'ਗੁਰਮਤਿ ਸੁਧਾਕਰ' ਵਿਚ ਇਸ ਦੇ ਗੁਰਬਾਣੀ ਹੋਣ ਦਾ ਖੰਡਨ ਕਰਦੇ ਹਨ ਅਤੇ ਵਰਤਮਾਨ ਸਮੇਂ ਦੇ ਸਮੂਹ ਵਿਦਵਾਨ ਡੰਕੇ ਦੀ ਚੋਟ ਨਾਲ ਇਸ ਨੂੰ 'ਕਚੀ ਬਾਣੀ'

* ਸਗਲ ਮਤਾਂਤ ਕੇਵਲ ਹਰਿ ਨਾਮ ॥੭॥੨੪॥ [ਸੁਖਮਨੀ ਸਾਹਿਬ

† ਹੁਣ ਉਹ ਬੀੜਾਂ ਰਾਗਮਾਲੀਏ ਪਤਾ ਨਹੀਂ ਕਿਥੇ ਲੈ ਗਏ ਹਨ। ਉਹਨਾਂ ਉਪਰ ਸਭ ਮਹੰਤਾਂ ਦੇ ਦਸਖ਼ਤ ਭੀ ਸਨ।

ਫ਼ਾਲਤੂ ਬਾਣੀ ਅਤੇ 'ਮਾਧਵਾਨਲ ਸੰਗੀਤ' ਜੈਸੀ ਸਦਾਚਾਰ ਤੋਂ ਗਿਰੀ ਹੋਈ ਪੁਸਤਕ ਦਾ ਹਿੱਸਾ ਦਸ ਰਹੇ ਹਨ।

ਸਿੰਘ ਸਭਾ ਲਹਿਰ ਦੇ ਅਰੰਭ ਵਿਚ ਸੰਗਤਾਂ ਨੇ ਵਿਚਾਰ ਕਰ ਕੇ ਸੰਨ ੧੯੦੦ ਈਸਵੀ (ਚੀਫ਼ ਖਾਲਸਾ ਦੀਵਾਨ ਦੇ ਜਨਮ ਸੰਮਤ) ਵਿਚ, ਮਾਣਕਟਾਹੜਾ ਵਿਚ ਰਾਗਮਾਲਾ ਤੋਂ ਬਿਨਾਂ ਟਾਈਪ ਦੇ ਛਾਪੇ ਦੀਆਂ ਬੀੜਾਂ ਛਪਵਾਈਆਂ, ਜਿਨ੍ਹਾਂ ਵਿਚੋਂ ਇਕ ਬੀੜ ਗੁਜਰਵਾਲ ਜ਼ਿਲਾ ਲੁਧਿਆਣਾ ਦੇ ਡੇਰੇ ਵਾਲੇ ਗੁਰਦੁਆਰੇ ਵਿਚ ਹੁਣ ਬਿਰਾਜਮਾਨ ਹੈ। ਦੂਜੀ ਰਾਗਮਾਲਾ ਤੋਂ ਰਹਿਤ ਬੀੜ ੧੯੧੫ ਈ: ਵਿਚ 'ਗੁਰਮਤਿ ਪ੍ਰੈਸ' ਅੰਮ੍ਰਿਤਸਰ ਵਿਚ ਛਪੀ ਹੋਈ 'ਸਿੰਘ ਸਭਾ ਗੁਜਰਵਾਲ' ਦੇ ਗੁਰਦੁਆਰੇ ਵਿਚ ਹੁਣ ਮੌਜੂਦ ਹੈ। ਜਿਸ ਤੋਂ *ਤਤ ਖਾਲਸਾ ਸੰਗਤ ਸਣੇ ਚੀਫ਼ ਖ਼ਾਲਸਾ ਦੀਵਾਨ, ਪਾਠਾਂ ਦੇ ਭੋਗ ਪੈਣ ਸਮੇਂ ਬੜੇ ਬੜੇ ਗੁਰਦੁਆਰਿਆਂ ਵਿਚ ਭੀ ਬਹੁ-ਸੰਮਤੀ ਵਿਚ ਰਾਗਮਾਲਾ ਨਾ ਪੜ੍ਹਨ ਦਾ ਪ੍ਰਚਾਰ ਕਰਦੀ ਰਹੀ।

ਇਸ ਪ੍ਰਕਾਰ ਰਾਗਮਾਲਾ ਦਾ ਪੰਥ ਵਲੋਂ ਪੂਰੀ ਤਰ੍ਹਾਂ ਗੁਰਬਾਣੀ ਹੋਣ ਦਾ ਨਿਖੇਧ ਕੀਤੇ ਜਾਣ ਤੇ ਭੀ ਗੁਰਮਤਿ ਦੇ ਵਿਰੋਧੀ ਅਤੇ ਮਿਲਗੋਭਾ ਪੰਥੀ †ਪੁਜਾਰੀ ਦਲ ਬਾਰ ਬਾਰ ਹਾਰ ਖਾ ਕੇ ਭੀ ਕਿਸੇ ਨਾ ਕਿਸੇ ਬਹਾਨੇ ਰਾਗਮਾਲਾ ਦੇ ਗੁਰਬਾਣੀ ਹੋਣ ਦੀ ਡੱਟ ਲਗਾਉਂਦੇ ਰਹੇ ਅਤੇ ਲਗਾ ਰਹੇ ਹਨ, ਜਿਸ ਤੋਂ ਪੰਥ ਵਿਚ ਭਾਰੀ ਫੁੱਟ ਪੈ ਜਾਣ ਤੋਂ ਇਲਾਵਾ ਕਿਸੇ ਨਿਗਰ ਅਤੇ ਨਿਰੋਲ ਗੁਰਮਤਿ ਕਾਰਯ ਦੀ ਉਨਤੀ ਵਿਚ ਰੋਕ ਪੈ ਰਹੀ ਹੈ।

ਐਸ ਵੇਲੇ ਰੌਲਾ ਪਾਉਣ ਵਾਲਿਆਂ ਵਿਚੋਂ ਸਭ ਤੋਂ ਵਧ ਕੇ ਗਿਣਤੀ "ਖ਼ਾਲਸਾ ਸਮਾਚਾਰ" ਦੀ ਹੈ, ਜੋ ਆਪਣੇ ਆਪ ਨੂੰ ਰਾਗਮਾਲਾ ਦਾ ਬਹੁਤ ਹਾਮੀ ਮੰਨਦਾ ਹੈ। ਭਾਵੇਂ ਕੋਈ ਰੌ ਪੰਥ ਵਿਚ ਚਲੇ, ਇਹ

* ਜੋ ਅਸਲੀ ਅਰਥਾਂ ਵਿਚ ਗੁਰੂ ਪੰਥ ਹੈ।

† ਜਿਸ ਨੂੰ ਕੁਰੀਤੀਆਂ ਅਤੇ ਮਨਮਤਾਂ ਦੀ ਪ੍ਰਵਿਰਤੀ ਤੋਂ ਲਾਭ ਪਹੁੰਚਦਾ ਹੈ।

ਆਪ ਹੀ ਰਾਗਮਾਲਾ ਦਾ ਜ਼ਿਕਰ (ਮੋੜ ਘੇੜ ਨਾਲ ਜਾਂ ਸਿਧਾ ਹੀ) ਤੋਰ ਲੈਂਦਾ ਹੈ। ਸਾਨੂੰ ਇਹ ਲੇਖ ਓਸ †ਪਤ੍ਰਕਾ ਦੇ ਆਧਾਰ ਤੇ ਲਿਖਣਾ ਪਿਆ ਹੈ, ਜੋ ਅਸੀਂ ਸ੍ਰੀ ਮਾਨ ਸ: ਸੇਵਾ ਸਿੰਘ ਜੀ ਐਡੀਟਰ ਖਾਲਸਾ ਸਮਾਚਾਰ ਨਾਲ ਵਿਚਾਰ-ਚਰਚਾ ਦੇ ਖ਼ਿਆਲ ਨਾਲ ਉਨ੍ਹਾਂ ਵਲ ਲਿਖੀ ਸੀ, ਜਿਸ ਦਾ ਭਾਵ ਇਹ ਹੈ :-

## ਐਡੀਟਰ 'ਖ਼ਾਲਸਾ ਸਮਾਚਾਰ' ਵਲ ਲਿਖੀ ਚਿਠੀ ਦੇ ਅਧਾਰ ਤੇ ਲੇਖ-

ਸ੍ਰੀ ਮਾਨ ਪਰਮ ਕ੍ਰਿਪਾਲੂ ਐਡੀਟਰ ਸਾਹਿਬ ਖਾਲਸਾ ਸਮਾਚਾਰ ਜੀ !

ਪ੍ਰੇਮ ਭਰੀ ਫ਼ਤਹ ਬੁਲਾਈ ਪ੍ਰਵਾਨ ਹੋਵੇ। ਅਗੇ ਬੇਨਤੀ ਹੈ ਜੋ ਆਪ ਵਲੋਂ ਆਪ ਦੇ ਪਤ੍ਰ 'ਖਾਲਸਾ ਸਮਾਚਾਰ' ਵਿਚ ਚਿਰ ਤੋਂ ਲੈ ਕੇ ਰਾਗਮਾਲਾ ਸੰਬੰਧੀ ਵਿਚਾਰ (ਚਰਚਾ) ਦਾ ਸਿਲਸਿਲਾ ਜਾਰੀ ਹੈ ਕਿ "ਇਹ 'ਗੁਰਬਾਣੀ' ਹੈ, ਹੁਣ ਆਪ ਬੜੀ ਦਲੇਰੀ ਨਾਲ ਆਖਣ ਲਗ ਪਏ ਹੋ ਕਿ "ਸਾਡੀਆਂ ਉਕਤੀਆਂ ਯੁਕਤੀਆਂ ਐਸੀਆਂ ਜ਼ੋਰਦਾਰ ਹਨ ਕਿ ਇਨ੍ਹਾਂ ਅਗੇ ਕੋਈ ਸਜਨ ਜਾਂ ਪਾਰਟੀ ਆਪਣੇ ਪੱਖ ਨੂੰ ਸਾਬਤ ਨਹੀਂ ਕਰ ਸਕੀ, ਤਾਂ ਤੇ ਇਨ੍ਹਾਂ ਯੁਕਤੀਆਂ ਉਪਰ ਕਿਸੇ ਨੂੰ ਇਤਰਾਜ਼ ਨਹੀਂ ਹੋ ਸਕਦਾ, ਭਾਵ, ਅਸੀਂ ਵਾਦੀਆਂ ਨੂੰ ਨਿਰੁਤਰ ਕਰ ਛਡਿਆ ਹੈ, ਆਦਿਕ।" ਅਤੇ "ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜੋ ਫ਼ੈਸਲਾ (ਰਹਿਤ ਮਰਯਾਦਾ ਦੇ ਖਰੜੇ ਵਿਚ) ਰਾਗਮਾਲਾ ਦੇ ਵਿਰੁਧ ਕੀਤਾ ਹੈ, ਉਹ ਪੰਥ-ਘਾਤਕ ਹੈ। ਸ੍ਰੀ ਅਕਾਲ ਬੁੰਗੇ ਸਾਹਿਬ ਜੀ ਭੋਗ ਪਾਉਣ ਵੇਲੇ ਏਸ ਦਾ ਪਾਠ ੧੯ ਜਾਂ ੨੦ ਸਾਲਾਂ ਤੋਂ ਨਹੀਂ ਹੋ ਰਿਹਾ, ਇਹ ਹੋਰ ਭੀ ਬਹੁਤ ਬੁਰੀ ਗੱਲ ਹੈ।" ਆਦਿਕ ਵਿਚਾਰਾਂ ਹਨ, ਜਿਨ੍ਹਾਂ ਪਰ ਆਪ ਨੇ ਆਪਣੀ ਕਲਮ ਨੂੰ ਦੋ ਤਿੰਨ ਵਾਰੀ ਖੇਚਲ ਦੇ ਕੇ ਇਹ ਸਿੱਟਾ ਕਢਿਆ ਕਿ ਰਾਗਮਾਲਾ ਜ਼ਰੂਰ ਗੁਰਬਾਣੀ ਹੈ।

† ਉਕਤ ਪੁਸਤਕ ਦੀ ਰਚਨਾ ਦਾ ਨਿਮਿਤ ਵਿਸ਼ੇਸ਼ ਕਰਕੇ ਇਹ ਪਤ੍ਰਕਾ ਹੀ ਹੈ, ਜੋ ਹੁਣ ਅਗਲੀ ਲਿਖਤ ਦੇ ਨਾਲ ਹੀ ਰਲ ਮਿਲ ਗਈ ਹੈ।

(੧) ਸ੍ਰੀ ਮਾਨ ਜੀ, ਆਪ ਹੀ ਸੋਚੋ ਕਿ ਆਪ ਦੀਆਂ ਉਕਤੀਆਂ ਯੁਕਤੀਆਂ ਦਾ ਕਿਸੇ ਪਾਰਟੀ ਪਰ ਕੀ ਅਸਰ ਹੈ। ਇਨ੍ਹਾਂ ਨਾਲ ਆਪ ਨੇ ਕਿਸੇ ਵਾਦੀ ਜਾਂ ਪਾਰਟੀ ਨੂੰ ਕਿੰਨਾ ਕੁ ਨਿਰੁੱਤਰ ਕਰ ਛਡਿਆ ਹੈ ਜਾਂ ਕਿੰਨਾ ਕੁ ਮਨਾ ਦਿਤਾ ਹੈ ਕਿ ਇਹ ਗੁਰਬਾਣੀ ਹੀ ਹੈ।

ਕੇਵਲ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਹੀ ਨਹੀਂ, ਬਲਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਈ ਸੰਬੰਧਤ ਤੇ ਕਈ ਹੋਰ ਅਸੰਬੰਧਤ ਅਸਥਾਨਾਂ ਗੁਰਧਾਮਾਂ (ਸ੍ਰੀ ਨਨਕਾਣਾ ਸਾਹਿਬ ਆਦਿ) ਪਰ ਭੀ (ਰਾਗਮਾਲਾ) ਨਹੀਂ ਪੜ੍ਹੀ ਜਾਂਦੀ ਤੇ ਹੋਰ ਇਲਾਕਿਆਂ ਅਤੇ ਜਥਿਆਂ ਵਿਚ ਵੀ ਬਹੁਤ ਜਗ੍ਹਾ ਨਹੀਂ ਪੜ੍ਹੀ ਜਾਂਦੀ। ਤਾਂ ਦਸੋ ਕਿ ਆਪ ਦੀਆਂ ਇਨ੍ਹਾਂ ਯੁਕਤੀਆਂ ਦਾ ਪੰਥ ਵਿਚ ਕਿੰਨਾ ਕੁ ਮੁਲ ਹੈ ਜਾਂ ਮਾਣ ਤੇ ਅਸਰ ਹੈ ? ਆਪ ਸਮਝ ਸਕਦੇ ਹੋ ਜੋ ੧੯੨੨ ਈ: ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੇ ਪਾਠ ਦੇ ਭੋਗ ਸਮੇਂ ਨਾ ਪੜ੍ਹੀ ਗਈ ਬਾਣੀ ਦਾ ਅਠਾਰ੍ਹਾਂ ਸਾਲਾਂ ਵਿਚ ਅਗੇ ਕਦੇ ਰੌਲਾ ਨਹੀਂ ਪਿਆ। ਜੇ ਇਸ (ਰਾਗਮਾਲਾ) ਦਾ ਨਾ ਪੜ੍ਹਨਾ ਪੰਥ ਵਿਚ ਨਾ-ਮਨਜ਼ੂਰ ਸੀ ਤਾਂ ਸਭਨਾਂ ਵਲੋਂ ਅਠਾਰ੍ਹਾਂ ਸਾਲਾਂ ਦੀ ਚੁੱਪ ਦਾ ਕੀ ਅਰਥ ? ਏਸ ਤੋਂ ਸਾਫ਼ ਸਾਫ਼ ਜ਼ਾਹਰ ਹੈ ਕਿ ਇਕੱਲੇ ਆਪ ਹੀ ਰੌਲਾ ਪਾ ਰਹੇ ਹੋ ਤੇ ਰਾਗਮਾਲਾ ਸੰਬੰਧੀ ਝੂਠੀ ਭਗਤੀ ਦਿਖਾ ਰਹੇ ਹੋ। ਤਾਂ ਤੇ ਸ਼੍ਰੋਮਣੀ ਕਮੇਟੀ ਦਾ ਫ਼ੈਸਲਾ ਪੰਥ-ਘਾਤਕ ਨਹੀਂ ਅਤੇ ਸ਼੍ਰੋਮਣੀ ਕਮੇਟੀ ਦੇ ਫ਼ੈਸਲੇ ਵਿਰੁਧ ਆਪ ਦੀ ਇਹ ਕਾਵਾਂ-ਰੌਲੀ ਪੰਥ ਦੀ ਅਵਾਜ਼ ਨਹੀਂ ਕਹੀ ਜਾ ਸਕਦੀ।

(੨) ਅਸੀਂ ਆਪ ਦੇ ਅਖ਼ਬਾਰ (ਖਾਲਸਾ ਸਮਾਚਾਰ) ਨੂੰ ਸਭਜਤਾ ਦਾ ਹਿਮੈਤੀ ਮੰਨਦੇ ਸੀ। ਪਰ ਆਪ ਨੇ ਇਸ ਲੇਖ ਵਿਚ ਜੋ ਸਭਜਤਾ ਵਰਤੀ ਹੈ ਸੋ ਸਾਡੀ ਸਮਝ ਵਿਚ ਨਹੀਂ ਆਉਂਦੀ, ਕਿਉਂਕਿ ਕਿਸੇ ਜਗਿਆਸੂ ਜਾਂ ਖੋਜੀ ਸਿਖ ਲਈ ਤੁਸੀਂ 'ਵਾਦੀ' ਪਦ ਵਰਤ ਰਹੇ ਹੋ। ਇਸ ਲਫ਼ਜ਼ ਦਾ ਆਮ ਜਾਂ ਖ਼ਾਸ ਅਰਥ ਕੀ ਹੈ, ਇਹ ਆਪ ਤੋਂ ਛਿਪਿਆ ਹੋਇਆ ਤਾਂ ਹੋਣਾ ਹੀ ਨਹੀਂ। ਇਹ ਵਾਦੀ ਸ਼ਬਦ ਜਿਸ ਲਈ ਆਪ ਨੇ ਵਰਤਿਆ ਹੈ, ਉਸ ਨੂੰ ਸਿਖ ਸਮਝਦੇ ਹੋ ਜਾਂ ਅਸਿਖ (ਨਿਰਾ

ਝਗੜਾਲੂ) ਹੀ। ਪਰ ਐਸ ਵੇਲੇ ਤਾਂ ਆਪ ਨਾਲ ਕੋਈ ਵਾਦ ਵੀ ਨਹੀਂ ਕਰ ਰਿਹਾ ਜਾਂਦਾ। ਭਲਾ ਜੇ ਹੋਵੇ ਵੀ ਤਾਂ ਇਸ ਵਿਚਾਰ ਦੇ ਮਾਮਲੇ ਵਿਚ ਵਾਦੀ ਨਾਲ ਬੋਲ ਕੇ ਆਪ ਕੀ ਬਣ ਰਹੇ ਹੋ, ਪ੍ਰਤਿਵਾਦੀ ਜਾਂ ਸਿਧਾਂਤੀ ? ਆਪੇ ਹੀ ਸੋਚ ਲਓ।

(੩) ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਫ਼ੈਸਲਾ ਆਪ ਨੇ ਆਪਣੀ ਮਰਜ਼ੀ ਨਾਲ ਹੀ ਪੰਥ-ਘਾਤਕ ਮੰਨ ਲਿਆ ਹੈ, ਇਹ ਕਿਵੇਂ ਪੰਥ-ਘਾਤਕ ਹੋਇਆ, ਜਦ ਕਿ ਪੰਥਕ ਮੈਂਬਰਾਂ ਦੀ ਬਹੁ-ਸੰਮਤੀ ਹੀ ਅੱਗੇ ਹੀ ਰਾਗਮਾਲਾ ਦੇ ਵਿਰੁਧ ਹੈ। ਜੇ ਇਹ ਫ਼ੈਸਲਾ ਪੰਥ-ਘਾਤਕ ਹੈ ਤਾਂ ਕਿਹੜੇ ਪੰਥ ਦਾ ਘਾਤਕ ਹੈ,ਅਰਥਾਤ, ਜੋ ਰਾਗਮਾਲਾ ਨਹੀਂ ਪੜ੍ਹਦਾ ਉਸ ਦੇ ਵਿਰੁਧ ਹੈ, ਜਾਂ ਜੋ ਪੜ੍ਹਦਾ ਹੈ ਉਸ ਦੇ ? ਨਾਲੇ ਇਸ ਫ਼ੈਸਲੇ ਨਾਲ ਗੁਰਮਤਿ ਅਸੂਲ ਦਾ ਘਾਤ ਹੋ ਕੀ ਗਿਆ ? ਫੇਰ 'ਪੰਥ-ਘਾਤਕ' ਸ਼ਬਦ ਆਪ ਵਲੋਂ ਕਿੰਨਾ ਕੁ ਪ੍ਰੇਮ-ਬੋਧਕ ਹੈ, ਆਪ ਹੀ ਸਮਝੋਗੇ ? ਦਸੋ ਤੁਸੀਂ ਇਹੋ ਜਿਹੇ ਖ਼ਿਆਲਾਂ ਨਾਲ ਕਿੰਨੇ ਕੁ ਯੁਕਤੀ ਯੁਕਤ ਸਭ੍ਯਤਾ ਦੇ ਹਾਮੀ ਹੋ ਸਕਦੇ ਹੋ ? ਕੀ ਆਪ ਏਨ੍ਹਾਂ ਲਫ਼ਜ਼ਾਂ ਦੇ ਅਰਥਾਂ ਦੀ ਵਰਤੋਂ ਕਰਨ ਤੋਂ ਅਨਜਾਣ ਹੋ ? ਜਾਂ ਸਿਖਾਂ ਲਈ ਸਿਖ ਹੀ ਇਹੋ ਜਿਹੇ ਰੁੱਖੇ ਪਦ ਵਰਤ ਸਕਦੇ ਹਨ, ਜੋ ਵਾਦੀ ਪ੍ਰਤਿਵਾਦੀ (ਬਣਨ) ਤੋਂ ਬਿਨਾਂ ਵਿਚਾਰ ਵਿਚ ਹੋਰ ਕੰਮ ਹੀ ਨਹੀਂ ਦਿੰਦੇ ? ਅਸੀਂ ਹੁਣ ਤਕ ਤਾਂ ਜੋ ਆਪ ਨੇ ਪਹਿਲੇ ਲਿਖਿਆ ਸੀ ਕਿ "**ਠਹਿਰੋ ! ਠਹਿਰੋ !! ਠਹਿਰੋ !!!**" ਸਿਰਲੇਖ ਹੇਠ ੧੯੩੫ ਤੋਂ ੧੯੪੧ ਤਕ ਛਪਦੇ ਲੇਖ ਪੜ੍ਹ ਕੇ ਠਹਿਰੇ ਹੀ ਰਹੇ ਹਾਂ। ਪਰ ਹੁਣ ਆਪ ਆਖੀ ਜਾਂਦੇ ਹੋ ਕਿ ਵਾਦੀ ਪਾਸ ਕੋਈ ਦਲੀਲ ਹੀ ਨਹੀਂ ਰਹੀ, ਤਾਂ ਹੀ ਸਾਡੀਆਂ ਯੁਕਤੀਆਂ ਉਕਤੀਆਂ ਅਗੇ ਚੁਪ ਵਰਤ ਗਈ ਹੈ। ਵਾਹ ਸ੍ਰੀ ਮਾਨ ਜੀ, ਵਾਦੀ ਕੀ ਆਖ ਤੇ ਚੁਪ ਕੀ ਆਖ।

(੪) "ਲਓ ਸੁਣੋ !" ਜੋ ਆਪਣੀ ਵਿਚਾਰ ਆਪ ਨੇ ਸੰਖੇਪ ਵਿਚ ਇਸ ਤਰ੍ਹਾਂ ਸਹੀ ਕੀਤੀ ਹੈ ਕਿ :–"ਆਲਮ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤੋਂ ਪਹਿਲਾਂ ਹੋਣਾ ਗ਼ਲਤ ਹੈ।" ਦੂਸਰਾ "ਓਹ

ਸ੍ਰੀ ਦਸਮੇਸ਼ ਜੀ ਪਾਸ ਦਰਬਾਰੀ ਕਵੀ ਸੀ, ਅਤੇ ਓਸ ਦੀ ਕਿਤਾਬ ਦਾ ਸੰਮਤ ੧੭੭੪ ਹੈ। ਐਨਾ ਚਿਰ ਪਿਛੋਂ ਦੀ ਬਣੀ ਕਿਤਾਬ ਨੂੰ ਦੇਖ ਕੇ ਪਹਿਲਾਂ ਦੀ ਬਣੀ ਬਾਣੀ ਨੂੰ ਓਸ ਵਿਚੋਂ ਜਾਂ ਓਸ ਕ੍ਰਿਤ ਕਹਿਣਾ, ਅਕਲ ਤੋਂ ਹੱਥ ਧੋਣੇ ਹਨ।''

(੫) ਅਸੀਂ ਏਸ ਝਗੜੇ ਨੂੰ ਐਸ ਵੇਲੇ ਵਾਧੂ ਸਮਝਦੇ ਸੀ, ਤਾਂ ਹੀ ਆਪ ਦੀ ਉਕਤੀ ਯੁਕਤੀ ਦੇ ਉਤਰ ਨਹੀਂ ਸੀ ਲਿਖੇ। ਪਰ ਆਪ ਨੇ ਬੜੀ ਦਲੇਰੀ ਦਿਖਾਈ ਹੈ ਜੁ ਬਾਰ ਬਾਰ ਵੰਗਾਰ ਰਹੇ ਹੋ। ਪਤਾ ਨਹੀਂ ਜੁ ਏਸ ਵਾਧੂ ਝਗੜੇ ਤੋਂ ਐਸ ਵੇਲੇ ਆਪ ਨੂੰ ਕੀ ਲਾਭ ਹੈ, ਜਿਸ ਲਈ ਆਪ ਨੇ ਇਹ ਵਾਧੂ ਰੌਲਾ ਪਾ ਛਡਿਆ ਹੈ।

ਸ੍ਰੀ ਮਾਨ ਜੀ ! ਇਹ (ਫ਼ੈਸਲਾ) ਨਿਰਾ ਸ਼੍ਰੋਮਣੀ ਕਮੇਟੀ ਦਾ ਹੀ ਨਹੀਂ ਹੈ, ਇਹ ਤਾਂ ਜਦ ਤੋਂ ਵੀ ਪੜ੍ਹੇ ਲਿਖੇ ਪੰਥ-ਪ੍ਰਸਿਧ ਨਿਰਪੱਖ ਵਿਦਵਾਨਾਂ ਦੀ ਨਿਗ੍ਹਾ ਵਿਚ ਆਈ ਹੈ ਤਦ ਤੋਂ ਹੀ ਕਿਸੇ ਨੇ ਇਸ ਨੂੰ ਗੁਰਬਾਣੀ ਨਹੀਂ ਮੰਨਿਆ। ਅਤੇ ਨਾ ਕੋਈ ਹੁਣ ਦੇ ਸਮੇਂ ਦਾ ਮੰਨਿਆ-ਪ੍ਰਮੰਨਿਆ ਨਿਰਪਖ ਵਿਦਵਾਨ ਇਸ ਨੂੰ ਗੁਰਬਾਣੀ ਮੰਨਦਾ ਹੈ, ਅਤੇ ਨਾ ਅਗੇ ਨੂੰ ਉਮੈਦ ਹੈ। ਜਿਸ ਦਾ ਸਬੂਤ ਹੈ ਕਿ ਏਸ ਦਾ ਗੁਰਧਾਮਾਂ ਵਿਚ ਵੀ ਨਾ ਪੜ੍ਹਿਆ ਜਾਣਾ ਅਤੇ 'ਨਾ ਪੜ੍ਹੇ ਜਾਣ' ਪਰ ਵੀ ਸੰਗਤਾਂ ਵਿਚ ਕੋਈ ਰੌਲਾ ਨਾ ਹੋਣਾ। ਪਰ ਹੁਣ ਆਪ ਨੇ ਬੜੇ ਜ਼ੋਰ ਨਾਲ ਪੁਕਾਰਨਾ ਅਰੰਭ ਕੀਤਾ ਹੈ ਕਿ (ਪਾਠ ਦੇ) ਭੋਗ ਸਮੇਂ ਰਾਗਮਾਲਾ ਨਾ ਪੜ੍ਹੀ ਜਾਣੀ, ਇਹ ਪੰਥ-ਘਾਤਕ ਫ਼ੈਸਲਾ ਹੈ। ਸ੍ਰੀ ਮਾਨ ਜੀ, ਪੰਥ ਨੇ ਕਦੋਂ ਫ਼ੈਸਲਾ ਕੀਤਾ ਸੀ ਕਿ ਰਾਗਮਾਲ ਗੁਰਬਾਣੀ ਹੈ ? ਏਸ ਨੂੰ ਪਾਠ ਦੇ ਭੋਗ ਸਮੇਂ ਜ਼ਰੂਰ ਪੜ੍ਹੋ, ਜਿਸ ਦਾ ਹੁਣ 'ਘਾਤ ਹੋ ਗਿਆ' ਮੰਨੀਏ ?

ਅਸੀਂ ਹੁਣ ਆਪ ਨੂੰ ਸੰਖੇਪ ਨਾਲ ਹੀ ਉਤਰ ਲਿਖਦੇ ਹਾਂ ਕਿ ਇਸ ਰਾਗਮਾਲਾ ਦਾ ਕਰਤਾ ਆਲਮ ਹੀ ਹੈ, ਹੋਰ ਕੋਈ ਨਹੀਂ। ਆਪ ਏਸ ਨੂੰ ਗੁਰਬਾਣੀ ਸਿੱਧ ਕਰਨ ਲਈ ਯੁਕਤੀ ਦਿੰਦੇ ਹੋ ਕਿ ਆਲਮ ਦਸਵੀਂ ਪਾਤਸ਼ਾਹੀ ਦੇ ਸਮੇਂ ਵਿਚ ਹੋਇਆ ਹੈ, ਤਾਂ ਤੇ ਓਸ ਨੇ ਰਾਗਮਾਲਾ ਗੁਰੂ ਜੀ ਵਾਲੀ ਹੀ ਆਪਣੀ ਪੋਥੀ ਵਿਚ, ਏਥੋਂ ਲੈ ਕੇ ਪਾਈ

ਹੈ ਅਤੇ ਓਹ ਪਹਿਲੇ ਨਹੀਂ ਹੋਇਆ, ਜੋ ਓਸ ਦੀ ਪੋਥੀ ਵਿਚੋਂ ਲੈ ਕੇ ਏਥੇ ਗੁਰੂ ਜੀ ਨੇ ਲਿਖੀ ਹੋਵੇ।

ਅਸੀਂ ਆਪ ਨਾਲ ਏਸ ਖੋਜ ਵਿਚ ਸਹਿਮਤ ਨਹੀਂ ਕਿ ਇਹ ਗੁਰੂ ਜੀ ਕ੍ਰਿਤ ਹੈ, ਤੇ ਏਸ ਬਾਰੇ ਆਪ ਦੀਆਂ ਉਕਤੀਆਂ ਯੁਕਤੀਆਂ ਵੀ ਰੱਦੀ ਹਨ।

**ਉਤਰ**-ਕੇਵਲ ਏਨਾ ਆਖਣਾ ਹੀ ਬਸ ਨਹੀਂ ਕਿ ਆਲਮ ਦਸਵੇਂ ਪਾਤਸ਼ਾਹ ਦੇ ਸਮੇਂ ਦਾ ਕਵੀ ਹੈ ਅਤੇ ਇਹ (ਰਾਗਮਾਲਾ) ਉਸ ਤੋਂ ਪਹਿਲਾਂ ਦੀ ਬਣੀ ਹੋਣ ਤੇ ਮੰਨ ਲਈਏ ਕਿ ਇਹ ਗੁਰੂ ਜੀ ਕ੍ਰਿਤ ਜਾਂ 'ਗੁਰਬਾਣੀ' ਹੈ। ਅਰਥਾਤ ਏਨਾ ਆਖਣ ਨਾਲ ਨਹੀਂ ਸਰ ਜਾਂਦਾ ਕਿ ਜੇ ਇਹ ਆਲਮ ਕ੍ਰਿਤ ਨਾ ਹੋਵੇ ਤਾਂ ਗੁਰਬਾਣੀ ਹੀ ਹੈ। ਕਿਉਂਕਿ ਪਹਿਲੇ ਤਾਂ ਇਹ ਆਲਮ (ਜਿਸ ਦਾ ਆਪ ਪਤਾ ਦੇ ਰਹੇ ਹੋ) ਗੁਰੂ ਜੀ ਦੀ ਸਭਾ ਦੇ ਕਵੀਆਂ ਵਿਚੋਂ ਹੀ ਨਹੀਂ ਮੰਨਿਆ ਜਾ ਸਕਦਾ, ਜਿਸ ਦਾ ਜ਼ਿਕਰ ਆਪ ਨਾਗਰੀ ਪ੍ਰਚਾਰਨੀ ਸਭਾ ਦੀ ਪਤ੍ਰਕਾ ਦਾ ਸਬੂਤ ਦਿੰਦੇ ਹੋਏ ਕਰ ਰਹੇ ਹੋ। ਕਾਰਨ ਕਿ ਨਾਗਰੀ ਪ੍ਰਚਾਰਨੀ ਸਭਾ ਪਤ੍ਰਕਾ ਵਿਚ ਉਸ ਦਾ ਜ਼ਿਕਰ ਪਹਿਲੋਂ ਬ੍ਰਾਹਮਣ ਹੋਣਾ ਤੇ ਫੇਰ ਮੁਸਲਮਾਨ ਹੋ ਜਾਣਾ ਲਿਖਿਆ ਹੈ। ਉਹ ਧਰਮ-ਭ੍ਰਿਸ਼ਟ ਹੋ ਕੇ ਮੁਸਲਮਾਨ ਬਣਿਆ ਦਸਿਆ ਗਿਆ ਹੈ। ਹੁਣ ਦਸੋ, ਉਸ ਨੂੰ ਧਰਮ ਵਿਚ ਤਾਂ ਕੋਈ ਦਿੱਕਤ ਹੀ ਨਹੀਂ ਸੀ ਰਹੀ, ਜੁ ਉਹ ਗੁਰੂ ਜੀ ਪਾਸ ਆ ਕੇ ਰਹੇ। ਅਤੇ ਨਾ ਉਸ ਨੂੰ ਕੋਈ ਔਖ ਆਪਣੀ ਰੋਜ਼ਗਾਰ ਲਈ ਸੀ ਤੇ ਨਾ ਉਹ ਕੋਈ ਐਨਾ ਵਡਾ ਚੋਟੀ ਦਾ ਵਿਦਵਾਨ ਜਾਂ ਕਵੀ ਸੀ, ਜੁ ਬੜੇ ਬੜੇ ਗਿਣਤੀ ਦੇ ਕਵੀਆਂ ਵਿਚ ਰਖਣ ਯੋਗ ਸਮਝਿਆ ਜਾਂਦਾ ਤੇ ਉਥੇ ਗੁਣੀਆਂ ਵਿਚ ਸ਼ਾਮਲ ਹੋ ਸਕਦਾ। ਨਾ ਹੀ ਗੁਰੂ ਘਰ ਦਾ ਪ੍ਰੇਮੀ ਸ਼ਰਧਾਲੂ ਸੀ, ਜੋ ਸ਼ਰਧਾ ਨਾਲ ਆ ਕੇ ਰਿਹਾ ਹੋਵੇ।

(੬) ਹੋਰ ਦੇਖੋ, ਗੁਰੂ ਜੀ ਦਾ ਜਸ ਜਾਂ ਉਸ (ਆਲਮ) ਦੇ ਉਹਨਾਂ ਪਾਸ ਰਹਿਣ ਦਾ ਕੋਈ ਨਾਉਂ ਥੇਹ ਉਸ ਪੁਸਤਕ ਵਿਚ ਨਹੀਂ ਹੈ। ਜੇ ਕੁਛ ਹੁੰਦਾ ਤਾਂ ਭੀ ਸੰਸਾ ਹੋ ਸਕਦਾ ਹੈ ਕਿ ਇਹ ਦਸਵੇਂ ਗੁਰੂ

ਜੀ ਦੇ ਸਮੇਂ ਦਾ ਹੀ 'ਆਲਮ' ਕਵੀ ਸੀ ਤੇ ਜਿਸ ਨੇ 'ਮਾਧਵਾਨਲ ਸੰਗੀਤ' ਪੁਸਤਕ ਬਣਾ ਕੇ ਉਸ ਵਿਚ 'ਰਾਗਮਾਲਾ' ਗੁਰੂ ਜੀ ਵਾਲੀ ਹੀ ਲਿਖੀ। ਇਸ ਦਾ ਉਤਰ ਆਪ ਦੇ ਕਥਨ ਵਿਚੋਂ ਹੀ 'ਨਾਂਹ' ਵਿਚ ਹੈ। ਅਰਥਾਤ, ਆਪ ਦੇ ਕਥਨ ਅਨੁਸਾਰ ਤਾਂ ਜੋ ਆਲਮ ਨਾਗਰੀ ਪ੍ਰਚਾਰਨੀ ਸਭਾ ਵਾਲਿਆਂ ਨੇ ਦਸਿਆ ਹੈ, ਉਹ ਗੁਰੂ ਜੀ ਦਾ ਹਜ਼ੂਰੀ ਨਹੀਂ ਸੀ, ਕਿਉਂਕਿ ਉਨ੍ਹਾਂ ਨੇ ਗੁਰੂ ਜੀ ਪਾਸ ਉਸ ਆਲਮ ਦਾ ਰਹਿਣਾ ਅਤੇ ਗੁਰੂ ਜੀ ਕ੍ਰਿਤ ਰਾਗਮਾਲਾ ਆਪਣੀ ਪੋਥੀ ਵਿਚ ਲਿਖ ਲੈਣ ਦਾ ਕੋਈ ਜ਼ਿਕਰ ਹੀ ਨਹੀਂ ਕੀਤਾ। ਉਹਨਾਂ ਦੇ ਲੇਖ ਤੋਂ ਕੇਵਲ ਇਹੋ ਜਾਣਿਆ ਜਾਂਦਾ ਹੈ ਕਿ 'ਆਲਮ' ਸ਼ਾਹਜ਼ਾਦਾ ਬਹਾਦਰ ਸ਼ਾਹ ਦਾ ਦਰਬਾਰੀ ਕਵੀ ਸੀ। ਹੋਰ 'ਸ਼ਿਵਾ ਸਿੰਘ ਸਰੋਜ' ਤੋਂ ਭੀ ਇਹੋ ਸਮਝਿਆ ਜਾਂਦਾ ਹੈ, ਜੋ ਕਿ ਅਜੇ ਵਿਚਾਰ ਗੋਚਰਾ ਹੈ। ਇਸ ਤੋਂ ਬਿਨਾਂ 'ਆਲਮ ਕੇਲ' ਆਦਿ ਕਿਸੇ ਭੀ ਪੁਸਤਕ ਤੋਂ ਇਹ ਗੱਲ ਸਾਬਤ ਨਹੀਂ ਹੁੰਦੀ ਕਿ ਆਲਮ ਸ੍ਰੀ ਗੁਰੂ ਦਸਮ ਪਾਤਸ਼ਾਹ ਦੇ ਦਰਬਾਰ ਵਿਚ ਹੋਵੇ। ਹੋਰ ਭੀ ਹੈ ਕਿ ਆਪ ਦੇ ਦਸੇ ਹੋਏ ਕਿਤਾਬ ਰਚਣ ਦੇ ਸੰਮਤ ੧੭੭੪ ਬਿ: ਤੋਂ ਸਿੱਧ ਹੈ ਕਿ ਇਸ ਕਿਤਾਬ ਰਚਣ ਵੇਲੇ ਤਾਂ ਉਹ ਗੁਰੂ ਜੀ ਪਾਸ ਬਿਲਕੁਲ ਹੀ ਨਹੀਂ ਸੀ। ਕਿੰਤੂ ਉਸ ਦੀ ਕਿਤਾਬ-ਰਚਨਾ ਦਾ ਸੰਮਤ (੧੭੭੪) ਗੁਰੂ ਜੀ ਦੇ ਕਵੀ ਦਰਬਾਰ ਤੋਂ ਲਗ ਪਗ ੧੮ ਸਾਲ ਬਾਅਦ ਦਾ ਹੈ।

ਰਾਗਮਾਲਾ ਦੀ ਚਰਚਾ ਭੀ ਤਕਰੀਬਨ† ੧੯੦੦ ਬਿ: (੧੮੪੩ ਈ:) ਤੋਂ ਅਰੰਭ ਹੋਈ ਹੈ। ਜਿਸ ਦਾ ਸਬੂਤ ਹੈ ਕਿ ਪੁਰਾਣੇ ਇਤਿਹਾਸ ਇਕ-ਜ਼ਬਾਨ ਹੋ ਕੇ ਬਾਣੀ ਦਾ ਭੋਗ ਮੁੰਦਾਵਣੀ ਪਰ ਮੰਨਦੇ ਆਏ ਹਨ ਅਤੇ ਨਵੇਂ ਜਾਂ ਰਾਗਮਾਲਾ ਦੇ ਹਾਮੀ ਅੱਜ ਕਲ੍ਹ ਇਸ ਵਿਚ ਗੜਬੜ ਪਾ ਰਹੇ ਹਨ ਕਿ ਮੁੰਦਾਵਣੀ ਭੋਗ ਦੀ ਬਾਣੀ ਨਹੀਂ, ਰਾਗਮਾਲਾ ਹੀ ਭੋਗ ਦੀ ਬਾਣੀ ਹੈ। ਜਿਸ ਨਾਲ ਇਹ 'ਰਾਗਮਾਲਾ' ਵਿਚਾਰ-ਚਰਚਾ

†ਜਦ ਭਾਈ ਸੰਤੋਖ ਸਿੰਘ ਹੁਰਾਂ ਨੇ ਸੂਰਜ ਪ੍ਰਕਾਸ਼ ਵਿਚ ਗੁਰਬਾਣੀ ਦੇ ਇਤਿਹਾਸ ਲਿਖਣ ਵੇਲੇ ਰਾਗਮਾਲਾ ਦੇ 'ਗੁਰਬਾਣੀ ਹੋਣ' ਦਾ ਨਿਖੇਧ ਕੀਤਾ।

ਦਾ ਅਖਾੜਾ ਬਣ ਗਈ ਹੈ।

**ਟਿਪਣੀਆਂ–**

ਆਪ ਦੇ ਇਸ ਸੰਮਤ ੧੭੭੪ ਪਰ ਅਸੀਂ ਪੁਛਦੇ ਹਾਂ ਕਿ ਜਿਸ ਵੇਲੇ ਆਲਮ ਨੇ ਇਹ ਪੁਸਤਕ ਰਚੀ, ਉਸ ਵੇਲੇ ਉਹ ਗੁਰੂ ਜੀ ਪਾਸ ਨਹੀਂ ਸੀ ਤਾਂ ਰਾਗਮਾਲਾ ਏਥੋਂ ਲੈ ਕੇ ਆਪਣੀ ਪੋਥੀ ਵਿਚ ਕਿਵੇਂ ਪਾਈ ? ਜੇ ਆਖੋ ਪਹਿਲੇ ਹੀ ਲੈ ਗਿਆ ਸੀ ਤਾਂ ਕਿਸ ਵਾਸਤੇ ? ਇਹ ਤਾਂ ਉਸ ਨੂੰ ਹੋਰ ਸੈਂਕੜੇ ਥਾਵਾਂ ਤੋਂ ਮਿਲ ਸਕਦੀ ਸੀ। ਬਲਕਿ ਉਹ ਆਪ ਹੀ ਇਹੋ ਜਿਹੀ ਰਚਨਾ ਕਰ ਸਕਦਾ ਸੀ। ਇਹ ਉਸ ਦੇ ਕਿਸ ਕੰਮ ਆਉਣ ਵਾਲੀ ਸੀ ? ਇਹ ਤਾਂ ਸੰਗੀਤ ਦੀ ਚੀਜ਼ ਹੈ ਅਤੇ ਆਲਮ ਸੰਗੀਤ ਦਾ ਧੁਰੰਧਰ-ਵੇਤਾ ਨਹੀਂ, ਉਹ ਤਾਂ ਕਵੀ ਸੀ। ਕੇਵਲ ਕਵਿਤਾ ਵਿਚ ਇਹ ਕੋਈ ਸਹਾਇਤਾ ਨਹੀਂ ਦੇ ਸਕਦੀ ਸੀ। ਜੇ ਆਖੋ ਸੰਗੀਤ ਲਈ ਹੀ ਚੋਰੀ ਕੀਤੀ ਤਾਂ ਉਸ ਨੇ ਸੰਗੀਤ ਦਾ ਕੋਈ ਪੁਸਤਕ ਕਿਉਂ ਨਹੀਂ ਲਿਖਿਆ, ਜੋ ਰਾਗਮਾਲਾ ਗੁਰੂ ਜੀ ਵਾਲੀ ਹੀ ਉਸ ਵਿਚ ਲਿਖ ਦਿੰਦਾ ਤਾਂ ਭੀ ਆਪ ਦਾ ਅਨੁਮਾਨ ਠੀਕ ਹੁੰਦਾ। ਜਦ ਤੁਸੀਂ ਗੁਰਮਤਿ ਸੰਗੀਤ ਮਤ ਵਖਰਾ ਹੀ ਸਭ ਸੰਗੀਤ ਮਤਾਂ ਤੋਂ ਭਿੰਨ ਮੰਨਦੇ ਹੋ ਤਾਂ ਕੋਈ ਰਾਗਮਾਲਾ ਨੂੰ ਚੁਰਾ ਕੇ ਕੀ ਕਰੂ ? ਜਦ ਉਸ ਦੇ ਸੰਗੀਤ ਨਾਲ ਇਹ ਮਤ ਹੀ ਨਹੀਂ ਮਿਲੂਗਾ, ਫੇਰ ਚੋਰੀ ਕਿਸ ਵਾਸਤੇ ਕਰੂ ? ਜਾਂ ਸਾਰੇ ਸੰਗੀਤਾਂ ਦਾ ਮਤ ਇਕੋ ਮੰਨੋ ਤਾਂ ਇਕ ਦੂਜੇ ਦੀ ਚੋਰੀ ਹੋਣੀ ਮੰਨੀ ਜਾ ਸਕਦੀ ਹੈ, ਪਰ ਜਦ ਆਲਮ ਨੇ ਸੰਗੀਤ ਦਾ ਕੋਈ ਪੁਸਤਕ ਹੀ ਨਹੀਂ ਰਚਿਆ ਤਾਂ ਉਸ ਨੇ ਚੋਰੀ ਕਿਉਂ ਕਰਨੀ ਸੀ। ਕੋਈ ਖ਼ਾਸ ਕਾਰਨ ਨਾ ਹੋਣ ਤੇ ਆਪ ਦੀ ਯੁਕਤੀ ਗ਼ਲਤ ਹੀ ਮੰਨਣੀ ਪੈਂਦੀ ਹੈ। ਚੋਰੀ ਤਾਂ ਸੰਗੀਤ ਦੀ ਹੈ ਤੇ ਓਸ ਨੇ ਲਿਖੀ ਸ਼ਿੰਗਾਰ-ਰਸੀ ਕਹਾਣੀ ਮਾਧਵਾਨਲ ਕਾਮਕੰਦਲਾ ਦੀ ਹੈ। ਓਸ ਵਿਚ ਸੰਗੀਤ ਦੀ ਸੂਚੀ ਜਿਹੀ ਕਿਤੋਂ ਲੈ ਕੇ ਲਿਖ ਦੇਣੀ ਕੀ ਵਜ਼ਨ ਰਖਦੀ ਸੀ ? ਇਸ ਤਰ੍ਹਾਂ ਸਾਫ਼ ਸਾਫ਼ ਸਿੱਧ ਹੈ ਕਿ ਨਾ ਆਲਮ ਗੁਰੂ ਜੀ ਦਾ ਦਰਬਾਰੀ ਕਵੀ ਸੀ, ਨਾ ਸ਼ਰਧਾਲੂ ਸੀ ਅਤੇ ਨਾ ਅਨੰਦਪੁਰ ਆਇਆ, ਨਾ ਓਸ ਨੇ ਚੋਰੀ ਕੀਤੀ। ਇਹ

ਸਭ ਆਪ ਦੀ ਉਕਤੀ ਯੁਕਤੀ ਦੀ ਅਨਸਿਥਿਰ ਕਲਪਨਾ ਹੈ, ਜੋ ਓਸ ਦੀ ਕਿਤਾਬ ਵਿਚ ਰਾਗਮਾਲਾ ਦੀ ਕਵਿਤਾ ਦੇਖ ਕੇ ਤੇ ਓਸ ਦੀ ਰਚਨਾ ਨਾਲ ਰਾਗਮਾਲਾ ਦੀ ਰਚਨਾ ਮਿਲਦੀ ਦੇਖ ਕੇ ਆਪ ਨੂੰ ਕਪੋਲ ਕਲਪਨਾ ਭਰੀਆਂ ਦਲੀਲਾਂ ਦੀ ਭੱਜ ਦੌੜ ਕਰਨੀ ਪਈ ਹੈ। ਪਰੰਤੂ "ਭੀਤਿ ਊਪਰੇ ਕੇਤਕੁ ਧਾਈਐ ਅੰਤਿ ਓਰ ਕੋ ਆਹਾ" (੪੮੨) ਵਤ ਸ੍ਰੀ ਗੁਰੂਵਾਕ ਸੱਤ ਵਰਤਣਾ ਹੈ। ਅਰਥਾਤ, ਅੰਤ ਨੂੰ ਆਪ ਦੀ ਹਾਰ ਹੀ ਹੈ।

ਹੁਣ ਸੁਣੋ! ਇਹ ਆਲਮ ਕਵੀ ਕ੍ਰਿਤ ਕਿਵੇਂ ਹੈ, ਭਾਈ ਸੰਤੋਖ ਸਿੰਘ ਜੀ ਨੇ ਆਲਮ ਦਾ ਕੋਈ ਸੰਮਤ ਨਹੀਂ ਦਸਿਆ ਕਿ ਇਹ ਕਿਹੜੇ ਸੰਮਤ ਵਾਲੇ ਆਲਮ ਨੇ ਰਚੀ। ਓਹ ਲਿਖਦੇ ਹਨ, ਆਲਮ ਕਵੀ ਨੇ ਰਚੀ। ਓਸ ਦੀ ਪੋਥੀ ਦੀ ਕਵਿਤਾ ਹੈ ਤੇ ਰਾਗੀ ਰਾਗਾਂ ਦੇ ਸਭ ਨਾਮ ਜਾਣ ਲੈਣ, ਇਹੋ ਕਾਰਨ ਕਿਸੇ ਸਿਆਣੇ ਲਿਖਾਰੀ ਵਲੋਂ ਲਿਖਣੇ ਦਾ ਹੈ, ਹੋਰ ਸੰਸਾ ਨਹੀਂ ਕਰਨਾ ਚਾਹੀਦਾ ਕਿ ਆਲਮ ਕਦੋਂ ਹੋਇਆ ਹੈ ਜਾਂ ਕਿਥੇ ਹੋਇਆ ਹੈ। ਜਦੋਂ ਆਪ ਸੂਰਜ ਪ੍ਰਕਾਸ਼ ਚੋਂ ਹੀ ੫੨ ਕਵੀਆਂ ਵਿਚ ਆਲਮ ਦਾ ਹੋਣਾ ਵੀ ਸਹੀ ਕਰਦੇ ਹੋ ਤਾਂ ਭਾਈ ਸੰਤੋਖ ਸਿੰਘ ਜੀ ਨਹੀਂ ਜਾਣਦੇ ਕਿ ਓਹ ਕਦੋਂ ਹੋਇਆ ਤੇ ਓਹ ਰਾਗਮਾਲਾ ਦਾ ਚੋਰ ਸੀ ਤਾਂ 'ਆਲਮ ਕਵੀ ਕੀਨਸ' ਕਿਉਂ ਲਿਖਦੇ ?

ਸੋ ਇਹ ਰਾਗਮਾਲਾ ਆਲਮ ਦੀ ਆਪਣੀ ਰਚਨਾ ਹੈ, ਕਿਉਂਕਿ ਏਸ ਵਿਚ ਕਾਮਕੰਦਲਾ ਦੇ ਨ੍ਰਿਤਯ ਪ੍ਰਵੀਨਾ ਵੇਲੇ ਜੋ ਗਾਇਨ ਚਤੁਰਾਈ ਵੀ ਜ਼ਰੂਰੀ ਸੀ, ਓਸ ਦਾ ਜ਼ਿਕਰ ਮਾਤ੍ਰ ਹੈ। ਇਹ ਕੋਈ ਸੰਗੀਤ ਸ਼ਾਸਤ੍ਰ ਦੀ ਸਿਖਯਾ ਦੇਣ ਵਾਲੀ ਕਿਸੇ ਅਚਾਰਯ ਜੀ ਵਲੋਂ ਸੰਗੀਤ ਕ੍ਰਮ ਦੀ ਲੜੀ ਨਹੀਂ ਬਣਾਈ ਹੋਈ। ਤਾਂ ਤੇ ਇਸ ਦਾ ਨਾਮ "ਰਾਗਮਾਲਾ" ਆਖਣਾ ਭੁੱਲ ਹੈ। ਏਥੇ ਆਲਮ ਦੀ ਪੋਥੀ ਦੇ ਪ੍ਰਸੰਗ ਵਿਚ ਉਨ੍ਹਾਂ ਦੀ ਸੰਗੀਤ-ਨਿਪੁੰਨਤਾ ਦੀ ਸੂਚਕ ਅਵੱਸ਼ ਹੈ, ਤਾਂ ਹੀ ਇਹ ਆਲਮ ਕ੍ਰਿਤ ਪੋਥੀ ਦੀ ਕਵਿਤਾ ਹੈ ਤੇ ਏਥੇ ਏਸ ਦਾ ਪ੍ਰਸੰਗ ਵੀ ਠੀਕ ਮਿਲ ਜਾਂਦਾ ਹੈ, ਯਥਾ, ਪ੍ਰਿਥਮ ਰਾਗ ਭੈਰਉ ਵੈ ਕਰਹੀ। 'ਉਹ' ਜਾਂ 'ਵੈ' ਪੜਨਾਂਵ‡

‡ ਨਿਸ਼ਚੇ ਵਾਚੀ ਪੜਨਾਂਵ ਹਨ, ਅਨਿਸ਼ਚਤ ਨਹੀਂ।

ਪਹਿਲੇ ਨਾਮ ਦੀ ਵਰਤੋਂ ਬਿਨਾਂ ਨਹੀਂ ਆ ਸਕਦੇ, ਇਹ ਵਯਾਕਰਣ ਦੇ ਵੇਤਾ ਸਭੇ ਜਾਣਦੇ ਹਨ। ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਲੀ ਰਾਗਮਾਲਾ ਵਿਚ ਗਾਇਨ-ਕਰਤਾ ਦਾ ਨਾਮ ਉੱਕਾ ਹੀ ਨਹੀਂ, ਜੋ ਇਹ ਵਯਾਕਰਣ ਦੇ ਤਰੀਕੇ ਅਨੁਸਾਰ ਕਿੰਨੀ ਭੁੱਲ ਹੈ। ਗਯਾਨੀ ਕਲਪਨਾ ਹੀ ਕਰਦੇ ਹਨ ਕਿ '**ਵੈ**' ਜਾਂ **ਉਨ ਆਦਿ** ਦਾ ਅਰਥ ਹੈ **ਰਾਗੀ ਜਨ**। ਪਰ (ਜੋ ਗੁਰੂ ਜੀ ਦੇ ਜ਼ਿਮੇ ਆ ਰਹੀ ਹੈ) ਰਾਗੀ ਜਨਾਂ ਦਾ ਕੀ ਥਹੁ ਹੈ, ਭਾਵੇਂ ਕੋਈ ਹੋਣ। ਭਾਵੇਂ ਰਾਗੀ ਜਨ ਹੀ ਸਹੀ, ਪਰ ਹੈ ਤਾਂ ਗਾਏ, ਹੋਏ ਰਾਗਾਂ ਦਾ ਹੀ ਜ਼ਿਕਰ, ਹੋਰ ਤਾਂ ਕੁਛ ਨਹੀਂ! ਜੇ ਇਹ ਕਿਸੇ ਆਚਾਰਯ ਵਲੋਂ ਹੋਵੇ ਤਾਂ ਠੀਕ ਨਹੀਂ, ਸਗੋਂ ਉਨ੍ਹਾਂ ਦਾ ਨਾਮ ਤੇ ਹਰ ਇਕ ਰਾਗ ਦਾ ਸਮਾਂ ਤੇ ਤਰੀਕਾ ਹੋਵੇ। ਪਰ ਏਸ ਨੂੰ 'ਰਾਗਮਾਲਾ' ਨਾਮ ਦੇਣਾ ਅਨਜਾਣਾਂ ਵਲੋਂ ਹੈ। ਗੁਰੂ ਜੀ ਵਲੋਂ ਸਹੀ ਨਹੀਂ ਹੁੰਦਾ। ਤਾਂ ਤੇ ਇਸ ਆਲਮ ਕ੍ਰਿਤ ਪੋਥੀ ਦੀ ਹੀ ਕਵਿਤਾ ਹੈ, ਓਥੇ ਇਸ ਦਾ ਪ੍ਰਸੰਗ ਵੀ ਠੀਕ ਮਿਲ ਜਾਂਦਾ ਹੈ। ਫੇਰ ਇਹ ਆਪ ਦੀ ਦਸੀ ਰਾਗਮਾਲਾ ਓਹੋ ਆਲਮ ਵਾਲੀ ਹੀ ਹੈ ਤਾਂ ਇਸ ਵਿਚ ਕੀ ਸਬੂਤ ਹੈ ਕਿ ਇਹ ਗੁਰੂ ਜੀ ਨੇ ਹੀ ਆਪ ਰਚੀ ਹੈ ? ਇੰਨ ਬਿੰਨ ਓਹੋ ਹੋਣਾ ਤਾਂ ਆਪ ਤੋਂ ਸਿਧ ਹੈ ਕਿ ਇਨ੍ਹਾਂ ਦੋਹਾਂ ਦਾ ਕਰਤਾ ਇਕੋ ਹੀ ਹੈ। ਨਾਲੇ 'ਗੁਰੂ' ਜੀ ਨਾਲੇ 'ਆਲਮ', ਦੋਇ ਇਕੋ ਰਚਨਾ ਦੇ ਕਰਤਾ ਤਾਂ ਹੋ ਨਹੀਂ ਸਕਦੇ। ਇਕ ਰਚਨਾ ਦਾ ਇਕੋ ਕਰਤਾ ਰਹੇਗਾ, ਦੋ ਨਹੀਂ।

ਜੇ ਆਖੋ, ਇੰਨ ਬਿੰਨ ਨਹੀਂ, ਫ਼ਰਕ ਹੈ। ਤਾਂ ਸੁਣੋ :–ਕਿਸੇ ਪਦ ਜਾਂ ਲਗ ਮਾਤ੍ਰਾ ਦੇ 'ਦੋਹਾਂ ਵਿਚ ਨਾ ਮਿਲਣ ਨਾਲ' ਇੰਨ-ਬਿੰਨਤਾ ਵਿਚ ਕੋਈ ਫ਼ਰਕ ਨਹੀਂ ਹੋ ਸਕਦਾ। ਜੇ ਰਚਨਾ ਸਾਰੀ ਦੀ ਸਾਰੀ ਹੀ ਨਾ ਮਿਲੇ ਤਾਂ ਇਕ ਨਹੀਂ ਹੋ ਸਕਦੀਆਂ, ਜਾਂ ਇਕ ਅਧੀ ਤੁਕ ਦਾ ਹੀ ਮੇਲ ਹੋਵੇ ਤਾਂ ਇਕ ਨਹੀਂ ਆਖੀ ਜਾ ਸਕਦੀ। ਪਰ ਏਥੇ ਤਾਂ ਇਉਂ ਨਹੀਂ, ਸਗੋਂ ਮਤ ਅਤੇ ਪਦ ਤਥਾ ਰਚਨਾ ਸਭੇ ਇਕ ਹਨ। ਏਸੇ ਲਈ ਤਾਂ ਆਪ ਨੇ ਏਸ ਪਾਸੇ ਨੂੰ ਆਪਣੀ ਯੁਕਤੀ ਦੌੜਾਈ ਹੈ ਕਿ ਬੱਸ, ਆਲਮ ਚੋਰ ਹੀ ਹੈ। ਵਾਹ ਜੀ ਵਾਹ! ਆਪ ਦੀ ਹੋਰ ਕੋਈ ਪੇਸ਼ ਨਾ ਗਈ ਤਾਂ

ਓੜਕ ਨੂੰ ਆਲਮ ਚੋਰ ਮੰਨ ਲਿਆ (ਜੋ ਗੁਰੂ ਜੀ ਦੀ ਸਰਵਗਤਾ ਨੂੰ ਅਲਪੱਗਜ ਸਹੀ ਕਰਨਾ ਹੈ) ਤੇ ਆਪਣੀ ਕਲਪੀ ਉਕਤੀ ਯੁਕਤੀ ਨਾਲ ਵਾਦੀ ਨੂੰ ਘਰ ਵਿਚੇ ਮਨਾ ਲਿਆ। ਬਸ ਆਖੀ ਚਲੋ 'ਖਾਲਸਾ ਸਮਾਚਾਰ' ਦੀ ਜਿਤ ਹੋ ਗਈ, ਕਿਉਂਕਿ ਵਾਦੀ ਚੁੱਪ ਹੈ।

ਜੋ ਆਪ ਆਖ ਰਹੇ ਹੋ, ਜੋਧ ਕਵੀ ਕ੍ਰਿਤ ਪੁਸਤਕ ਵਿਚ ਇਹ ਰਾਗਮਾਲਾ ਵਾਲਾ ਪ੍ਰਸੰਗ ਹੀ ਨਹੀਂ ਤਾਂ ਆਲਮ ਨੇ ਕਿਥੋਂ ਲੈ ਕੇ ਪਾਈ ? ਇਸ ਕਰਕੇ ਸਬੂਤ ਹੈ ਕਿ ਇਥੋਂ ਲੈ ਕੇ ਪਾਈ ਹੈ। ਤਾਂ ਤੇ ਇਸ ਦੇ ਕਰਤਾ ਗੁਰੂ ਜੀ ਹੀ ਹਨ।

ਸੋ ਸੁਣੋ, ਆਲਮ ਨੇ ਜੋਧ ਕਵੀ ਦੀ ਕਵਿਤਾ ਨਹੀਂ ਲਈ, ਹਾਂ ਓਸ ਦਾ ਉਲਥਾ ਹਿੰਦੀ ਕਵਿਤਾ ਵਿਚ ਕੀਤਾ ਹੈ। ਇਸੀ ਤਰ੍ਹਾਂ ਇਹ ਵੀ ਪ੍ਰਚਲਤ ਪ੍ਰਸਿਧ ਸੰਗੀਤ ਮਤ (ਜੋ ਓਸ ਸਮੇਂ ਵਿਚ ਸੀ) ਓਸ ਸੰਗੀਤ ਮਤ ਚੋਂ ਆਪਣੀ ਕਵਿਤਾ ਬਣਾ ਕੇ ਉਲਥਾ ਕੀਤੀ ਹੈ ਤੇ ਆਪ ਆਪਣੀ ਰਚਨਾ ਕਰ ਕੇ ਲਿਖੀ ਹੈ (ਜੇ ਕਿਸੇ ਦੀ ਕਵਿਤਾ ਚੁਰਾਈ ਹੋਵੇ ਤਾਂ ਉਸ ਦੀ ਰਚਨਾ ਨਾਲ ਛੰਦ-ਬੰਦੀ ਤੇ ਬੋਲੀ ਕਿਵੇਂ ਮਿਲੇਗੀ?)। ਜੋ ਸਾਰੀ ਦੀ ਸਾਰੀ ਕਵਿਤਾ ਇਕ ਹੈ ਤਾਂ ਤੇ ਇਹ ਆਲਮ ਦੀ ਆਪਣੀ ਕ੍ਰਿਤ ਹੀ ਹੈ। ਇਹ ਕਿਸੇ ਪੁਸਤਕ ਵਿਚੋਂ ਬਣੀ ਬਣਾਈ ਚੋਰੀ ਲੈ ਕੇ ਨਹੀਂ ਲਿਖੀ ਗਈ, ਐਵੇਂ ਅੰਨ੍ਹੇਵਾਹ ਵਿਚਾਰੇ ਆਲਮ ਨੂੰ ਚੋਰ ਚੋਰ ਨ ਪੁਕਾਰੀ ਜਾਓ।

ਹੋਰ ਸੁਣੋ, ਜੋ ਕੇਵਲ ਆਪ ਦੇ ਮੰਨੇ ਹੋਏ ਜੋਧ ਕਵੀ ਦੀ ਪੋਥੀ ਵਿਚ (ਇਹ ਰਾਗਮਾਲਾ ਵਾਲਾ ਪ੍ਰਸੰਗ) ਨਹੀਂ ਤਾਂ ਕੀ ? ਜੋਧ ਕਵੀ ਦੀ ਪੋਥੀ ਬਿਨਾਂ ਹੋਰ ਕੁਛ ਆਲਮ ਜਾਣਦਾ ਹੀ ਨਹੀਂ ਸੀ ? ਓਸ ਨੂੰ ਸੰਗੀਤ ਮਤ ਦੀ ਗਿਆਤ ਲਈ ਏਸ ਰਾਗਮਾਲਾ ਬਿਨਾਂ ਹੋਰ ਕੁਛ ਮਲੂਮ ਹੀ ਨਹੀਂ ਸੀ ? ਜੋ ਓਹ ਮਜਬੂਰ ਹੋ ਕੇ ਚੋਰ ਬਣਿਆ, ਤੇ ਆਪ ਤੋਂ ਬਿਨਾਂ ਕਿਸੇ ਹੋਰ ਵਿਦਵਾਨ ਨੂੰ ਇਹ ਚੋਰੀ ਹੁਣ ਤਕ ਨਹੀਂ ਲਭੀ (ਤਾਂ ਹੀ ਆਪ ਆਖਦੇ ਹੋ ਕਿ ਏਸ ਨੂੰ ਆਲਮ ਦੀ ਬਣਾਈ ਆਖਣਾ ਅਕਲ ਤੋਂ ਹੱਥ ਧੋਣੇ ਹਨ)। ਠੀਕ ਸਾਰੇ ਵਿਦਵਾਨ ਅਕਲ ਤੋਂ ਹੱਥ ਧੋ ਬੈਠੇ ਸੀ, ਜੇ ਆਪ ਨਾ ਹੁੰਦੇ। ਜੇ ਆਖੋ, ਹੋਰ ਸੰਗੀਤ ਮਤ ਹੈਨ ਤਾਂ

ਆਲਮ ਨੂੰ ਕੀ ਔਖ ਸੀ ਜੋ ਗੁਰੂ ਘਰ ਵਿਚ ਆ ਕੇ, ਗੁਰੂ ਜੀ ਦਾ ਨਿਮਕ ਖਾ ਕੇ, ਨੌਕਰੀ ਲੈ ਕੇ ਫੇਰ ਵੀ ਚੋਰੀ ਹੀ ਕੀਤੀ। ਤਾਂ ਤੇ ਆਲਮ ਨੇ ਜੋਧ ਕਵੀ ਦੀ ਰਚਨਾ ਵਿਚ ਇਹ ਘਾਟਾ (ਕਮੀ) ਦੇਖ ਕੇ ਆਪਣੀ ਰਚਨਾ ਵਿਚ ਲੋੜ ਅਨੁਸਾਰ ਆਪ ਰਚੀ ਹੈ, ਚੁਰਾਈ ਨਹੀਂ। (ਯਥਾ ਕੁਛ ਆਪਨ ਕੁਛ ਪ੍ਰਕਿਰਤ ਚੋਰੇ, ਯਥਾ ਸ਼ਕਤ ਕੇ ਅਛਰ ਜੋਰੇ)। ਏਥੇ ਪ੍ਰਕਿਰਤ ਤੋਂ ਮਤਲਬ ਹੋਰ ਕਿਸੇ ਕਵੀ ਤੋਂ ਹੋਵੇਗਾ, ਪਰ ਗੁਰੂ ਜੀ ਕ੍ਰਿਤ ਕਿਸੇ ਰਚਨਾ ਵਲ ਮਤਲਬ ਨਹੀਂ ਲੈ ਸਕਦੇ ਹਾਂ, ਐਨਾ ਅਨਾਦਰ ਸੂਚਕ ਵਾਕ ਗੁਰੂ ਜੀ ਲਈ ਨਹੀਂ ਆਖ ਸਕਦਾ (ਜੇ ਓਹ ਦਰਬਾਰੀ ਕਵੀ ਸੀ), ਜੋ ਆਮ ਕਵੀਆਂ ਵਰਗਾ ਹੀ ਗੁਰੂ ਜੀ ਨੂੰ ਮੰਨੇ।

ਆਪ ਦੇ ਮੰਨੇ ਜੋਧ ਕਵੀ ਦੀ ਰਚਨਾ ਵਿਚ ਇਹ ਘਾਟਾ ਸੀ ਜਾਂ ਕਵੀ ਦੀ ਭੁਲ ਸੀ, ਕਿਉਂਕਿ ਜਿਨ੍ਹਾਂ ਦਾ ਆਪੋ ਵਿਚ ਪ੍ਰੇਮ ਰਾਗ ਵਿਦਯਾ ਦੇ ਗੁਣ ਕਰਕੇ ਹੋਣਾ ਓਹ ਦਸ ਰਿਹਾ ਹੈ, ਉਨ੍ਹਾਂ ਦੀ ਰਾਗ-ਨਿਪੁੰਨਤਾ ਗਾਇਨ ਵਿਚ ਨਾ ਆਖਣੀ ਇਹ ਓਸ ਦੀ ਚੂਕ ਹੈ। ਆਲਮ ਨੇ ਏਸ ਨੂੰ ਜੋਧ ਦਾ ਘਾਟਾ ਸਮਝ ਕੇ ਜਾਂ ਉਨ੍ਹਾਂ ਦਾ ਰਾਗ ਨਿਪੁੰਨ ਹੋਣਾ ਜ਼ਰੂਰੀ ਦਸਣ ਯੋਗ ਮੰਨ ਕੇ, ਆਪਣੇ ਵਲੋਂ ਉਨ੍ਹਾਂ ਦੇ ਸਮੇਂ ਦੇ ਕਿਸੇ ਪ੍ਰਚਲਤ ਸੰਗੀਤ ਮਤ ਦਾ ਗਾਇਨ ਤਰੀਕਾ ਨ੍ਰਿਤਕਾਰੀ ਦੇ ਨਾਲ ਹੀ ਉਨ੍ਹਾਂ ਦੇ ਜੀਵਨ ਚਰਿਤ੍ਰ ਵਿਚ ਲਿਖ ਦਿਤਾ ਤਾਂ ਕੀ ਹਰਜ ਹੈ, ਤਾਂ ਤੇ ਇਹ ਆਲਮ ਵਲੋਂ ਹੈ ਸਾਰਾ ਕੁਛ ਹੀ, ਜੋਧ ਵਲੋਂ ਨਹੀਂ। ਯਥਾ, ਕਥਾ ਸੰਸਕ੍ਰਿਤ ਸੁਨ ਕੁਛ ਥੋਰੀ, ਭਾਖਾ ਬੰਧ ਚੌਪਈ ਜੋਰੀ‡।

ਜੇ ਆਪ ਆਖੋ ਕਿ ਬਿਨਾਂ ਗੁਰਮਤਿ ਸੰਗੀਤ ਦੇ ਹੋਰ ਕਿਸੇ ਸੰਗੀਤ ਦਾ ਇਹ ਮਤ ਹੀ ਨਹੀਂ, ਤਾਂ ਤੇ ਇਥੋਂ ਲੈ ਕੇ ਹੀ ਪਾਈ ਹੈ। ਤਾਂ ਅਸੀਂ ਸਿਧ ਕਰ ਸਕਦੇ ਹਾਂ ਕਿ ਇਸ ਰਾਗਮਾਲਾ ਦਾ ਸੰਗੀਤ ਮਤ 'ਗੁਰਮਤਿ-ਸੰਗੀਤ' ਮਤ ਨਹੀਂ। ਭਲਾ ਦਸੋ ਤਾਂ ਇਹ ਗੁਰੂ ਜੀ ਦੇ ਸਮੇਂ ਤੋਂ ਪਹਿਲੇ ਦਾ ਪ੍ਰਚਲਤ ਹੈ ਜਾਂ ਗੁਰਮਤਿ ਤੋਂ ਭਿੰਨ ਮਤ ਇਸ ਰਾਗਮਾਲਾ

‡ ਕਿਸ ਨੇ ?—ਆਲਮ ਨੇ।

ਦਾ ਹੈ ? ਪਹਿਲੇ ਤਾਂ ਐਸਾ ਕੋਈ ਖ਼ਾਸ ਗੁਰਮਤਿ ਦਾ ਸੰਗੀਤ ਹੀ ਨਹੀਂ, ਜਿਸ ਦਾ ਗੁਰੂ ਜੀ ਵਲੋਂ ਆਪ ਰਚ ਕੇ ਪ੍ਰਚਾਰ ਕੀਤਾ ਗਿਆ ਹੋਵੇ ਤੇ ਇਹ ਓਸ ਸੰਗੀਤ ਦੀ ਰਾਗਮਾਲਾ ਹੋਵੇ। ਐਵੇਂ ਇਕੱਲੀ ਰਾਗਮਾਲਾ ਤਾਂ ਸੰਗੀਤ ਨਹੀਂ ਆਖੀ ਜਾ ਸਕਦੀ ? ਇਹ ਤਾਂ ਪਹਿਲੇ ਕੋਈ ਸੰਗੀਤ ਬਣਿਆ ਹੋਇਆ ਹੋਵੇ ਤਾਂ ਓਸ ਦੀ ਰਾਗਮਾਲਾ (ਜਾਂ ਰਾਗ-ਸੂਚੀ) ਬਣ ਸਕੇਗੀ। ਜਦੋਂ ਗੁਰੂ ਜੀ ਵਲੋਂ ਆਪ ਕੋਈ ਸੰਗੀਤ-ਰਚਨਾ ਦਾ ਪੁਸਤਕ ਹੀ ਕੋਈ ਨਹੀਂ ਤਾਂ ਇਕੱਲੀ ਰਾਗਮਾਲਾ ਦੀ ਗੁਰੂ ਜੀ ਨੂੰ ਕੀ ਲੋੜ ਸੀ ? ਫੇਰ ਗੁਰੂ ਜੀ ਤਾਂ ਪਹਿਲੇ ਅਰੰਭ ਸਿਰੀ ਰਾਗ ਤੋਂ ਕਰਦੇ ਹਨ ਤੇ ਰਾਗਮਾਲਾ ਵਿਚ ਭੈਰਉ ਤੋਂ ਅਰੰਭ ਹੈ, ਤਾਂ ਕੀ ਆਪਣੇ ਆਰੰਭ ਕੀਤੇ ਮਤ ਨੂੰ ਗੁਰੂ ਜੀ ਆਪ ਹੀ ਨਹੀਂ ਮੰਨਦੇ ਸਨ ? ਤਾਂ ਤੇ ਇਹ ਰਾਗਮਾਲਾ ਗੁਰਮਤਿ ਦੇ ਸੰਗੀਤ ਮਤ ਦੀ ਵੀ ਨਹੀਂ ਹੋ ਸਕਦੀ। ਇਉਂ ਮੁੜ ਘਿੜ ਕੇ ਆਲਮ ਦੀ ਰਚਨਾ ਹੀ ਬਣ ਜਾਂਦੀ ਹੈ। ਜੋ ਆਖਦੇ ਹੋ, "ਆਲਮ ਨੇ ਨਹੀਂ ਰਚੀ, ਸਗੋਂ ਗੁਰੂ ਜੀ ਵਾਲੀ ਹੀ ਚੁਰਾ ਕੇ, ਆਪਣੀ ਬਣਾਈ ਹੈ" ਤਾਂ ਇਹ ਉਪਰ ਸਹੀ ਹੋ ਚੁਕਿਆ ਹੈ ਕਿ ਗੁਰੂ ਜੀ ਨੇ ਕੋਈ ਰਾਗ-ਮਾਲਾ ਨਾਮ ਬਾਣੀ ਨਹੀਂ ਰਚੀ।

ਹੋਰ ਵੀ ਸੁਣੋ, ਤਾਂ ਗੁਰੂ ਜੀ ਦੇ ਵੇਲੇ ਦੀਆਂ ਬਹੁਤ ਬੀੜਾਂ ਪਰ ਰਾਗਮਾਲਾ ਨਹੀਂ, ਜੋ ਹੁਣ ਤਕ ਮੌਜੂਦ ਹਨ। ਅਤੇ ਸ੍ਰੀ ਕਰਤਾਰਪੁਰ ਵਾਲੀ ਬੀੜ ਦੇ ਭੀ ਕਈ ਉਤਾਰੇ ਐਸੇ ਹਨ ਜਿਨ੍ਹਾਂ ਪਰ ਨੌਵੇਂ ਪਾਤਸ਼ਾਹ ਦੀ ਬਾਣੀ ਲਿਖ ਕੇ ਬਾਅਦ ਰਾਗਮਾਲਾ ਲਿਖੀ ਮਿਲਦੀ ਹੈ, ਜੋ ਕਿੰਨਾ ਹੀ ਚਿਰ ਬਾਅਦ ਰਾਗਮਾਲਾ ਲਿਖੀ ਗਈ ਸਿਧ ਹੋ ਰਹੀ ਹੈ। ਐਸੀਆਂ ਬੀੜਾਂ ਬਹੁਤ ਮਿਲਦੀਆਂ ਹਨ। ਜੇ ਗੁਰੂ ਜੀ ਨੇ ਹੀ ਰਚੀ ਹੁੰਦੀ ਜਾਂ ਆਪ ਲਿਖਾਈ ਹੁੰਦੀ ਤਾਂ ਉਤਾਰੇ ਵੇਲੇ ਉਸੇ ਤਰ੍ਹਾਂ ਨਾਲ ਹੀ ਅਗਲੀਆਂ ਬੀੜਾਂ ਪਰ ਲਿਖੀ ਜਾਂਦੀ। ਪਰ ਇਉਂ ਲਿਖੀ ਸਿੱਧ ਨਹੀਂ ਹੁੰਦੀ। ਤਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬਝਣ ਤੋਂ ਬਹੁਤ ਚਿਰ ਬਾਅਦ ਏਸ (ਰਾਗਮਾਲਾ) ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖਿਆ ਜਾਣਾ ਸਾਬਤ ਹੁੰਦਾ ਹੈ। ਗੁਰੂ ਜੀ ਦੇ ਸਮੇਂ ਤੋਂ ਹੀ ਨਹੀਂ, ਉਤਾਰਾ ਜੁ ਓਸੇ

ਇਕ ਬੀੜ ਤੋਂ ਸਾਰੀਆਂ ਦਾ ਹੈ। ਜੇ ਸਾਰੀਆਂ ਬੀੜਾਂ ਵਿਚ ਅਤੇ ਬਿਨਾਂ ਫ਼ਰਕ ਤੋਂ ਹੋਵੇ ਤਾਂ ਆਪ ਦੀ ਦਲੀਲ ਕੁਛ ਵਜ਼ਨ ਰਖਦੀ ਹੈ। ਸਗੋਂ ਇਸ ਦਾ ਸਾਰੀਆਂ ਬੀੜਾਂ ਪਰ ਨਾ ਹੋਣਾ, ਤੇ ਬਹੁਤੀਆਂ ਪਰ ਪਿਛੋਂ ਲਿਖੀ ਗਈ ਹੋਈ ਹੋਣਾ, ਇਹ ਤਾਂ ਸਿਧ ਕਰ ਰਿਹਾ ਹੈ ਕਿ ਕਿਸੇ ਨੇ ਹੋਰ ਕਿਤੋਂ ਲਿਆ ਕੇ ਏਥੇ ਲਿਖੀ ਹੈ। ਜਿਸ ਤਰ੍ਹਾਂ ਮੁੰਦਾਵਣੀ ਪਰ ਭੋਗ ਪਾ ਕੇ ਸਮਾਪਤੀ ਕੀਤੀ ਗਈ, ਬਾਅਦ ਨੌਵੇਂ ਪਾਤਸ਼ਾਹ ਦੀ ਬਾਣੀ ਚੜ੍ਹੀ ਦੇਖੀ ਤਾਂ ਲਿਖਾਰੀਆਂ ਨੇ ਪੁਰਾਣੀਆਂ ਬੀੜਾਂ ਵਿਚ ਵੀ ਨੌਵੇਂ ਪਾਤਸ਼ਾਹ ਦੀ ਬਾਣੀ ਲਿਖੀ। ਓਸ ਤੋਂ ਬਾਅਦ ਫੇਰ ਰਾਗਮਾਲਾ ਵੀ ਉਨ੍ਹਾਂ ਪੁਰਾਣੀਆਂ ਬੀੜਾਂ ਵਿਚ ਲਿਖੀ। ਪਰ ਜੇ ਮੁੰਦਾਵਣੀ ਤੋਂ ਬਾਅਦ ਰਾਗਮਾਲਾ ਨਾਲ ਹੀ ਲਿਖੀ ਹੁੰਦੀ ਤਾਂ ਸ੍ਰੀ ਕਰਤਾਰਪੁਰ ਜੀ ਵਾਲੀ ਬੀੜ ਵਿਚ ਵੀ ਪਹਿਲੇ ਤੋਂ ਹੀ ਰਾਗਮਾਲਾ ਸਿੱਧ ਸੀ, ਪਰ ਉਨ੍ਹਾਂ ਪੁਰਾਣੀਆਂ ਬਾੜਾਂ ਵਿਚ ਕਿਸੇ ਵੇਲੇ ਨੌਵੇਂ ਪਾਤਸ਼ਾਹ ਦੀ ਬਾਣੀ ਚੜ੍ਹੀ ਤੇ ਫੇਰ ਰਾਗਮਾਲਾ ਚੜ੍ਹੀ ਹੈ। ਤਾਂ ਤੇ ਇਹੋ ਸਬੂਤ ਹੁੰਦਾ ਹੈ ਕਿ ਰਾਗਮਾਲਾ ਕਿਸੇ ਨੇ ਕਿਸੇ ਹੋਰ ਜਗ੍ਹਾ ਤੋਂ ਲਿਆ ਕੇ ਲਿਖੀ ਹੈ।

ਜੇ ਆਖੋ, ਕਿਥੋਂ ਲਿਆ ਕੇ ਲਿਖੀ ਤਾਂ ਅਸੀਂ ਆਖਦੇ ਹਾਂ, ਆਲਮ ਦੀ ਪੋਥੀ ਵਿਚੋਂ। ਕਿਉਂਕਿ ਆਪ ਜੋ ਮੰਨਦੇ ਹੋ ਆਲਮ ਨੇ ਏਥੋਂ ਲਈ, ਤੇ ਅਸੀਂ ਮੰਨਦੇ ਹਾਂ, ਏਥੇ ਲਿਖਣ ਵਾਲੇ ਨੇ ਓਥੋਂ ਆਲਮ ਦੀ ਪੋਥੀ ਵਿਚੋਂ ਲਈ। ਰਾਗਮਾਲਾ ਤਾਂ ਇਕ ਹੀ ਹੈ, ਦੋ ਨਹੀਂ। ਸਿਰਫ਼ ਫ਼ਰਕ ਸਾਡਾ ਤੇ ਤੁਹਾਡਾ ਏਸ ਦੇ ਬਣਨ ਤੇ ਲਿਖਣ ਲਿਖਾਉਣ ਵਿਚ ਹੈ। ਆਪ ਵੀ ਮੰਨਦੇ ਹੋ, ਓਹੀ ਰਾਗਮਾਲਾ ਆਲਮ ਪਾਸ ਚੁਰਾਈ ਹੋਈ ਹੈ। ਅਸੀਂ ਮੰਨਦੇ ਹਾਂ ਆਲਮ ਵਾਲੀ ਤੁਹਾਡੇ ਪਾਸ ਹੈ। ਸੱਚਾ ਕੌਣ ਹੈ, ਇਹ ਨਿਰਣਯ 'ਰਾਗਮਾਲਾ' ਨਿਰਣਯ* ਦੇ ਸਿਆਣੇ ਪਾਠਕਾਂ

*ਗਿ: ਅਰਜਨ ਸਿੰਘ ਜੀ ਰਚਿਤ ਇਹ ਪੁਸਤਕ ਦੁਬਾਰਾ ਛੇਤੀ ਦੀ ਛਾਪਣ ਦਾ ਪਰਬੰਧ ਕੀਤਾ ਜਾ ਰਿਹਾ ਹੈ। ਬੜੇ ਵਿਸਥਾਰ ਵਿਚ ਹਰੇਕ ਗੱਲ ਦਾ ਨਿਰਣਾ ਕਰਦੀ ਹੈ।

ਪਰ ਹੀ ਛੱਡ ਦਿੰਦੇ ਹਾਂ, ਜੋ ਤੁਹਾਡੇ ਸਾਡੇ ਲੇਖ ਪੜ੍ਹ ਕੇ ਆਪੇ ਹੀ ਨਿਰਣਯ ਕਰ ਲੈਣਗੇ।

**ਸਾਡਾ ਇਹ ਉਟੰਕਣ ਹੈ, ਜੇ ਗੁਰੂ ਜੀ ਵਲੋਂ ਆਲਮ ਨੇ ਚੁਰਾਈ ਹੁੰਦੀ ਤਾਂ ਸਾਰੀਆਂ ਬੀੜਾਂ ਵਿਚ ਤਾਂ ਜ਼ਰੂਰ ਹੁੰਦੀ, ਅਧੀਆਂ ਵਿਚ ਜਾਂ ਬਹੁਤੀਆਂ ਵਿਚ ਨਾ ਹੋਣਾ ਆਲਮ ਦੀ ਪੋਥੀ ਵਿਚੋਂ ਆਉਣਾ ਸਿੱਧ ਕਰਦਾ ਹੈ। ਇਸ ਵਿਚ ਗੁਰਮਤਿ ਦੀ ਤਾਂ ਕੋਈ ਵਿਚਾਰ ਹੀ ਨਹੀਂ ਤੇ ਆਲਮ ਦੀ ਪੋਥੀ ਨਾਲ ਪ੍ਰਸੰਗ ਮਿਲਦਾ ਹੈ। ਤੇ ਜੇ ਓਥੇ ਆਲਮ ਨਾ ਲਿਖਦਾ ਤਾਂ ਕਾਮ ਕੰਦਲਾ ਦਾ ਗਾਇਨ ਹੀ ਸਿਧ ਨਹੀਂ ਹੁੰਦਾ, ਜੋ ਉਸ ਨੇ ਕੀ ਕੀ ਆਪਣੇ ਨ੍ਰਿਤਯ ਵੇਲੇ ਗਾਇਆ ਸੀ। ਇਧਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹ ਕੋਈ ਕੰਮ ਨਹੀਂ ਦਿੰਦੀ।**

ਜੇ ਆਖੋ, ਅੱਧੀਆਂ ਬੀੜਾਂ ਤਾਂ ਰਾਗਮਾਲਾ ਵਾਲੀਆਂ ਜ਼ਰੂਰ ਹਨ, ਇਨ੍ਹਾਂ ਵਿਚ ਕੌਣ ਲਿਖ ਗਿਆ ਤਾਂ ਇਸ ਦਾ ਸੰਖੇਪ ਉਤਰ ਇਉਂ ਹੈ ਕਿ ਆਪ ਜੈਸੇ ਇਸ ਦੇ ਹਾਮੀ ਪ੍ਰਚਾਰਕ ਲੇਖਕ ਹੀ ਲਿਖ ਸਕਦੇ ਹਨ ਤੇ ਇਸ ਨੂੰ ਬਾਣੀ ਮੰਨਣ ਵਾਲੇ ਸ਼ਰਧਾਲੂ ਹੀ ਲਿਖਾ ਸਕਦੇ ਹਨ (ਜੋ ਬੜੇ ਬੜੇ ਸਿਆਣੇ ਬਣ ਕੇ ਭੀ 'ਸਤਿਨਾਮੁ' ਵਾਲੇ ਸੱਸੇ ਤੋਂ ਲੈ ਕੇ 'ਅਠਾਰਾਂ ਦਸ ਬੀਸ' ਵਾਲੇ ਸੱਸੇ ਤਕ ਅੱਖਰ ਅੱਖਰ ਗੁਰਬਾਣੀ ਆਖਣ ਵਾਲੇ ਹਨ। ਇਨ੍ਹਾਂ ਦੇ ਭਾ ਦਾ ੧ਓ ਅੱਖਰ ਹੀ ਨਹੀਂ, ਇਹ ਭਾਵੇਂ ਬਾਹਰ ਹੀ ਰਹੇ, ਪਰ ਰਾਗਮਾਲਾ ਨਾ ਬਾਹਰ ਰਹਿ ਜਾਏ), ਐਸੇ ਸ਼ਰਧਾਲੂ ਹੀ ਲਿਖ-ਲਿਖਾ ਸਕਦੇ ਹਨ।

ਸਾਡਾ ਤਾਂ ਮਤਲਬ ਇਹੋ ਸਿਧ ਕਰਨ ਦਾ ਹੈ ਕਿ ਹੁਣ ਤੀਕ ਸਾਰੀਆਂ ਬੀੜਾਂ ਪਰ ਨਹੀਂ ਚੜ੍ਹਾਈ ਜਾ ਸਕੀ ਤੇ ਨਾ ਸਾਰੇ ਏਸ ਨੂੰ ਹਾਲੇ ਬਾਣੀ ਹੀ ਮੰਨਣ ਲਗੇ ਹਨ, ਤੇ ਨਾ ਹੀ ਸਾਰੇ ਇਸ ਨੂੰ ਪੜ੍ਹ ਕੇ ਭੋਗ ਪਾਉਣ ਦੇ ਹਾਮੀ ਹਨ, ਜੋ ਲਗ ਪਗ ਸੌ ਸਾਲ ਤੋਂ ਉਪਰ ਹੋ ਗਿਆ ਹੈ ਉਦਮ ਕਰਦਿਆਂ ਨੂੰ, ਪਰ ਇਸ ਕੰਮ ਨੂੰ ਸਿਰੇ ਨਹੀਂ ਚੜ੍ਹਾ ਸਕੇ। ਤਾਂ

ਤੇ ਉਪਰੋਕਤ ਵਿਚਾਰ ਦੁਆਰਾ ਇਹ ਸਿੱਧ ਹੈ ਕਿ ਇਸ ਦਾ ਕਰਤਾ ਆਲਮ ਕਵੀ ਹੀ ਹੈ, ਓਸ ਦੀ ਕਵਿਤਾ ਨਾਲ ਕਵਿਤਾ-ਸ਼ੈਲੀ ਮਿਲਦੀ ਹੈ। ਤੇ ਓਸ ਦੀ ਪੁਸਤਕ ਵਿਚ ਗਾਏ ਗਏ ਰਾਗਾਂ ਦਾ ਜ਼ਿਕਰ ਵੀ ਪ੍ਰਸੰਗ ਅਨੁਸਾਰ ਹੈ। ਅਤੇ ਇਹ ਕਿਸੇ ਨਵੇਂ ਸੰਗੀਤ ਸ਼ਾਸਤ੍ਰ ਦੇ ਕਰਤਾ ਜੀ ਵਲੋਂ ਨਹੀਂ ਬਣਾਈ ਗਈ ਹੈ । ਤਾਂ ਤੇ ਕਿਸੇ ਸਿਆਣੇ (ਪ੍ਰਬੀਨ) ਨੇ ਰਾਗਾਂ ਦੇ ਨਾਮਾਂ ਦੀ ਜਾਣਕਾਰੀ ਲਈ ਵਾਧੂ ਪਤਰਿਆਂ ਪਰ, ਸ੍ਰੀ ਗੁਰੂ ਗ੍ਰੰਥ ਜੀ ਵਿਚ ਲਿਖ ਦਿਤੀ ਸੀ। ਅਗੇ ਤੋਂ ਅਗੇ ਲਿਖੀ ਦੇਖ ਕੇ ਟਪਲਾ ਲਗੀ ਗਿਆ ਤੇ ਰਿੱਜੂ ਬੁੱਧੀ ਵਾਲੇ "ਮਹਾਨ ਭਾਵ" ਲਿਖੀ ਲਿਖਾਈ ਗਏ । ਇਹ ਇਕ ਲੰਮੀ ਚਰਚਾ ਦਾ ਵਿਸ਼ਾ ਹੈ। ਅਸੀਂ ਅਗੇ ਆਪਣੇ ਲੇਖ ਵਿਚ ਵਿਚਾਰ ਦੁਆਰਾ ਹੋਰ ਭੀ ਸਪਸ਼ਟ ਕਰਾਂਗੇ ਕਿ ਇਹ ਗੁਰੂ ਜੀ ਦੀ ਬਾਣੀ ਕਿਵੇਂ ਵੀ ਨਹੀਂ ਬਣਦੀ। ਅਤੇ 'ਮੁੰਦਾਵਣੀ' ਹੀ ਬਾਣੀ ਦੇ ਬੰਦ ਕਰਨ ਦੀ ਮੋਹਰ-ਛਾਪ ਵਤ ਨਿਸ਼ਾਨੀ ਹੈ। ਤਾਂ ਤੇ ਹਰ ਇਕ ਸਿਖ ਸੰਤ ਗੁਰਦੁਆਰੇ ਵਾਲਿਆਂ ਨੂੰ ਭੋਗ ਮੁੰਦਾਵਣੀ ਪਰ ਹੀ ਪਾਉਣਾ ਚਾਹੀਦਾ ਹੈ।

੧੫-੩-੪੧ ਗਿਆਨੀ ਅਰਜਨ ਸਿੰਘ ਫੱਲੇਵਾਲ

# ਕੁਝ ਪੁਰਾਤਨ ਵਿਦਵਾਨਾਂ ਦੇ ਵਿਚਾਰ

## (੧) ਮਹਾਂ ਕਵੀ ਸੰਤੋਖ ਸਿੰਘ ਜੀ—

ਲਿਖੇ ਸਮੱਸਤ ਸਵੈਯੇ ਸੋਊ ਸ੍ਰੀ ਗ੍ਰੰਥ ਸਾਹਿਬ ਕੇ ਮਾਹਿ ॥
ਅੰਤ ਸਰਬ ਕੇ ਲਿਖ ਮੁੰਦਾਵਣੀ ਮੁੰਦਰਤ ਮੁਹਰ ਲਗੀ ਜਨੁ ਵਾਹਿ ॥
ਭੋਗ ਸਗਲ ਬਾਣੀ ਕੋ ਪਾਯੋ ਮਹਿਮਾ ਜਿਸ ਕੀ ਕਹੀ ਨ ਜਾਇ ॥
ਭਵਜਲ ਭੈਰਵ ਕੋ ਜਹਾਜ ਬਡ, ਪ੍ਰਭੂ ਕ੍ਰਿਪਾ ਤੇ ਪਾਰ ਪਰਾਇ ॥੩੯॥

ਰਾਗਮਾਲਾ ਸ੍ਰੀ ਗੁਰੂ ਕ੍ਰਿਤ ਨਹਿ, ਹੈ ਮੁੰਦਾਵਣੀ ਲਗਿ ਗੁਰ ਬੈਨ ॥
ਇਸ ਮਹਿ ਨਹਿ ਸੰਸੇ ਕੁਛ ਕਰੀਅਹਿ, ਜੇ ਸੰਸੇ ਅਵਿਲੋਕਹੁ ਨੈਨ ॥
ਮਾਧਵਨਲ ਆਲਮ ਕਵਿ ਕੀਨਸਿ, ਤਿਸ ਮਹਿ ਨ੍ਰਿਤਕਾਰੀ ਕਹਿ ਤੈਨ ॥
ਰਾਗ ਰਾਗਨੀ ਨਾਮ ਗਿਨੈ ਤਹਿ, ਯਾ ਤੇ ਸ੍ਰੀ ਅਰਜਨ ਕ੍ਰਿਤ ਹੈ ਨ ॥੪੦॥

ਇਹ ਸੁਧ ਨਹੀਂ ਲਿਖੀ ਇਹ ਗੁਰ ਨੇ, ਕਿਧੋ ਸਿੱਖ ਕਾਹੂ ਲਿਖ ਦੀਨ ॥
ਰਾਗ ਨਾਮ ਸਭ ਜਾਨਹਿ ਰਾਗੀ, ਇਹ ਕਾਰਨ ਲਿਖ ਦਈ ਪ੍ਰਬੀਨ ॥
ਸ੍ਰੀ ਗੁਰ ਗਿਰਾ ਨਾਮ ਹਰਿ ਕੇ ਬਿਨ, ਸੰਤਨ ਮਹਿਮਾ ਬਿਨ ਨਹਿ ਕੀਨ ॥
ਭਰਯੋ ਮਹਦ ਫਲ ਪਠਬੇ, ਸੁਨਬੇ, ਲਿਖਬੇ, ਗੁਨਬੇ ਚਹੈਂ ਸੁ ਲੀਨ ॥੪੧॥

—ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ ੩, ਅੰਸੂ ੪੮

## (੨) ਪੰਡਿਤ ਤਾਰਾ ਸਿੰਘ ਜੀ ਨਰੋਤਮ—

"ਮੁੰਦਣ ਦੇ ਮੁੰਦਾਵਣੀ ਨਾਮ ਬਨਾ ਹੈ।...... ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮਾਪਤੀ ਸਮੇਂ ਅਪਨੀ ਮੁਹਰ ਰੂਪ ਕਰ ਅੰਤ ਮੇਂ ਰੱਖਾ। 'ਰਾਗਮਾਲਾ' ਕਾਹੂੰ ਨੇ ਪੀਛੇ ਸੇ ਪਾਈ, ਜੈਸੇ ਭਾਈ ਬੰਨੋ ਨੇ ਗੁਰੂ ਕੇ ਸਾਹਮਣੇ ਦੂਸਰੀ ਬੀੜ ਮੈਂ ਕਈ ਬਾਣੀਆਂ ਚੜ੍ਹਾਈਆਂ, ਜਿਸ ਨੋ ਸੁਨ ਕਰ ਗੁਰੂ ਜੀ ਨੇ ਉਸ ਕਾ ਨਾਮ 'ਖਾਰੀ ਬੀੜ' ਧਰਾ।"

—ਗੁਰੂ ਗਿਰਾਰਥ ਕੋਸ਼, ਪੰਨਾ ੫੪੩

## (੩) ਡਾਕਟਰ ਚਰਨ ਸਿੰਘ ਜੀ—

ਜੀਕਰ ਤਤਕਰਾ ਬਾਣੀ ਨਾਲ ਕੋਈ ਸੰਬੰਧ ਨਹੀਂ ਰਖਦਾ, ਪਰੰਤੂ, ਤਤਕਰਾ ਹੈ ਇਸੇ ਬਾਣੀ ਦਾ, ਤਿਵੇਂ 'ਰਾਗਮਾਲਾ' ਬਾਣੀ ਨਾਲ ਕੋਈ ਸਬੰਧ ਨਹੀਂ ਰਖਦੀ, ਪਰੰਤੂ ਰਾਗਮਾਲਾ ਹੈ ਇਸੇ ਬਾਣੀ ਦੀ।*

—ਬਾਣੀ ਬੇਉਰਾ

## (੪) ਗਿਆਨੀ ਗਿਆਨ ਸਿੰਘ ਜੀ—

ਸੰਮਤ ਉਨੀਂ ਸੌ ਛੇ ਮਾਹਿ। ਬਿਕ੍ਰਮ ਪਾਵਨ, ਕਤਕ ਆਹਿ।
ਸੰਤ ਕ੍ਰਿਪਾਲ ਸਿੰਘ ਕੇ ਡੇਰੇ। ਪੰਥ ਇਕੱਠਾ ਭਇਓ ਵਧੇਰੇ।
ਇਸ ਪਰ ਭਇਓ ਵਿਚਾਰ ਅਪਾਰਾ। ਦੀਪਮਾਲਾ ਪਰ ਨਿਰਣੇ ਵਾਰਾ।
ਭਇਓ ਨਿਬੇਰ ਵਿਚਾਰਿਉ ਯਾਹੈ। ਰਾਗਮਾਲਾ ਗੁਰਬਾਣੀ ਨਾ ਹੈ।

—ਪੰਥ ਪ੍ਰਕਾਸ਼ ਵਿਚੋਂ

## (੫) ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ—

"ਭਾਈ ਸੰਤੋਖ ਸਿੰਘ ਜੀ ਕਰਤਾ ਗੁਰ ਪ੍ਰਤਾਪ ਸੂਰਯ ਇਕ ਪਹਿਲੇ ਸਿਖ ਵਿਦਵਾਨ ਸਨ, ਜਿਨ੍ਹਾਂ ਨੇ ਬੜੇ ਨਿਰਭਯ ਹੋ ਕੇ ਲਿਖਿਆ ਕਿ ਇਹ ਗੁਰਬਾਣੀ ਨਹੀਂ ਤੇ ਆਲਮ ਕਵੀ ਦੀ ਰਚਨਾ ਹੈ।........ਭਾਈ ਸਾਹਿਬ ਭਾਈ ਵੀਰ ਸਿੰਘ ਜੀ ਅਤੇ ਬਾਬੂ ਤੇਜਾ ਸਿੰਘ ਜੀ ਵੀ ਪਹਿਲੇ ਪਹਿਲ ਇਸੇ ਲੜੀ ਦੇ ਮੋਤੀ ਸਨ, ਜਿਨ੍ਹਾਂ ਨੇ ਰਾਗਮਾਲਾ ਦੇ ਗੁਰਬਾਣੀ ਨਾ ਹੋਣ ਬਾਰੇ ਆਵਾਜ਼ ਉਠਾਈ।........ ਖ਼ਾਲਸਾ ਸਮਾਚਾਰ ਵਿਚ ਰਾਗਮਾਲਾ ਦੇ ਵਿਰੁੱਧ ਆਵਾਜ਼ ਉਠਾਈ ਜਾਂਦੀ ਸੀ ਤੇ ਭਾਈ ਸਾਹਿਬ ਦੀ ਪਾਰਟੀ ਦੇ ਸੱਜਨਾਂ ਨੇ ਰਾਗਮਾਲਾ ਪੜ੍ਹਨੀ ਵੀ ਛੱਡ ਦਿੱਤੀ ਸੀ, ਪਰ ਬਾਬੂ ਤੇਜਾ ਸਿੰਘ ਜੀ ਦੇ ਨਾਲ ਇਖ਼ਤਲਾਫ਼ ਰਾਇ ਹੋ ਜਾਣ ਦੇ ਨਾਲ ਹੀ ਭਾਈ ਵੀਰ ਸਿੰਘ ਜੀ ਰਾਗਮਾਲਾ ਦੇ ਹਾਮੀ ਹੋ ਗਏ ਤੇ ਇਸ ਆਲਿਮ ਕ੍ਰਿਤ ਬਾਣੀ ਦੇ ਹੱਕ ਵਿਚ—ਇਸ ਨੂੰ ਗੁਰਬਾਣੀ ਸਾਬਤ ਕਰਨ ਲਈ ਆਵਾਜ਼ ਉਠਾਉਣ ਲਗ ਪਏ।"

—ਰਾਗਮਾਲਾ ਨਿਰਣਯ, ਪੰਨਾ ੨੧-੨੨

---

*ਭਾ: ਕਾਨ੍ਹ ਸਿੰਘ ਜੀ ਨਾਭਾ 'ਗੁਰੁਮਤ ਮਾਰਤੰਡ' ਵਿਚ ਡਾ: ਚਰਨ ਸਿੰਘ ਜੀ ਦੇ ਇਸ ਹਵਾਲੇ ਹੇਠ ਫੁਟਨੋਟ ਦਿੰਦੇ ਹਨ—'ਕੀ ਪਾਠ ਦੇ ਭੋਗ ਸਮੇਂ ਤਤਕਰਾ ਪੜ੍ਹਿਆ ਜਾਂਦਾ ਹੈ ?'

# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | |
|---|---|
| ੧. ਜੇਲ੍ਹ ਚਿੱਠੀਆਂ | ੧੨. ਨਾਮ ਤੇ ਸਿਮਰਨ ਦਾ ਦਾਤਾ ਸਤਿਗੁਰੂ |
| ੨. ਰੰਗਲੇ ਸਜਣ | ੧੩. ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? |
| ੩. ਅਣਡਿੱਠੀ ਦੁਨੀਆ | ੧੪. ਗੁਰਮਤਿ ਨਾਮ ਅਭਿਆਸ ਕਮਾਈ |
| ੪. ਗੁਰਮਤਿ ਬਿਬੇਕ | ੧੫. ਗੁਰਮਤਿ ਸਚ ਨਿਰਣੈ |
| ੫. ਗੁਰਮਤਿ ਲੇਖ | ੧੬. ਗੁਰਮਤਿ ਕਰਮ ਫਿਲਾਸਫੀ |
| ੬. ਗੁਰਮਤਿ ਪ੍ਰਕਾਸ਼ | ੧੭. ਅਨਹਦ ਸ਼ਬਦ ਦਸਮ ਦੁਆਰ |
| ੭. ਗੁਰਮਤਿ ਵਿਚਾਰ | ੧੮. ਗੁਰਬਾਣੀ ਦੀਆਂ ਲਗਾਂ ਮਾਤ੍ਰਾਂ ਦੀ ਵਿਲੱਖਣਤਾ |
| ੮. ਸਚਖੰਡ ਦਰਸ਼ਨ | ੧੯. ਚਰਨ ਕਮਲ ਕੀ ਮਉਜ |
| ੯. ਗੁਰਮਤਿ ਗੌਰਵਤਾ | ੨੦. ਝਟਕਾ ਮਾਸ ਪ੍ਰਥਾਇ ਗੁਰਮਤਿ ਤੱਤ ਨਿਰਣੈ |
| ੧੦. ਸੰਤ ਪਦ ਨਿਰਣੈ | ੨੧. ਜੋਤਿ ਵਿਗਾਸ (ਮਹਾਂ ਕਾਵਿ) |
| ੧੧. ਕਥਾ ਕੀਰਤਨ | ੨੨. ਦਰਸ਼ਨ ਝਲਕਾਂ (ਕਾਵਿ-ਉਡਾਰੀਆਂ) |

## ਛੋਟੇ ਟਰੈਕਟ–

| | |
|---|---|
| ੨੩. ਅੰਮ੍ਰਿਤ ਕੀ ਹੈ ? | ੩੩. ਤਿਮਰ ਅਗਿਆਨ ਤੋਂ ਉਜਿਆਰਾ |
| ੨੪. ਅੰਮ੍ਰਿਤ ਕਲਾ | ੩੪. ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ |
| ੨੫. ਗੁਰਮਤਿ ਰਮਜ਼ਾਂ | ੩੫. ਸਿੰਘਾਂ ਦਾ ਪੰਥ ਨਿਰਾਲਾ |
| ੨੬. ਸਿਖ ਕੌਣ ਹੈ ? | ੩੬. ਬਾਬਾ ਵੈਦ ਰੋਗੀਆਂ ਦਾ |
| ੨੭. ਵਾਹਿਗੁਰੂ ਸਿਮਰਨ | ੩੭. ਕੋ ਵਿਰਲਾ ਗੁਰਮਤਿ ਚਲੈ ਜੀਉ |
| ੨੮. ਸੱਚੀਆਂ ਦਾੜ੍ਹੀਆਂ | ੩੮. ਹਉਮੈ ਨਾਵੈ ਨਾਲਿ ਵਿਰੋਧ ਹੈ |
| ੨੯. ਸੁਪਨਾ | ੩੯. ਨਾਮ ਦਾ ਦਾਤਾ ਸਤਿਗੁਰੂ |
| ੩੦. ਆਸਤਕ ਨਾਸਤਕ | ੪੦. ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ ਜੀ |
| ੩੧. ਸ਼ੰਕਿਆਂ ਦੇ ਉੱਤਰ | ੪੧. ਸਿਖੀ ਸਿਦਕ ਤੇ ਧਰਮ ਰਖਿਆ |
| ੩੨. ਨਾਮ ਸੰਬੰਧੀ ਵਿਚਾਰ | ੪੨. ਕੀਰਤਨੀ ਜੱਥੇ ਦੇ ਸਿੰਘਾਂ ਦੀ ਦਾਸਤਾਨ |

# 'ਸੂਰਾ' ਮਾਸਕ ਪੱਤਰ, ਅੰਮ੍ਰਿਤਸਰ

ਅਖੰਡ ਕੀਰਤਨੀ ਜਥੇ ਵਲੋਂ ਛਪ ਰਿਹਾ 'ਸੂਰਾ' ਮਾਸਕ ਪੱਤਰ ਨਿਰੋਲ ਧਾਰਮਕ ਪੱਤਰ ਹੈ। ਇਸ ਦਾ ਮੁਖ ਮੰਤਵ ਹੈ :—

੧ ਦਸ ਗੁਰੂ ਸਾਹਿਬਾਨ ਦੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿਖਿਆਵਾਂ ਦਾ ਦੇਸਾਂ ਬਦੇਸਾਂ ਵਿਚ ਪ੍ਰਚਾਰ ਕਰਨਾ।

੨. ਆਦਰਸ਼ਕ ਸੱਚੇ ਸੁੱਚੇ ਗੁਰਮਤਿ ਜੀਵਨ ਨੂੰ ਅਪਣਾਉਣਾ।

੩. ਸਿਖ ਧਰਮ, ਗੁਰਮਤਿ ਤੇ ਗੁਰਮਤਿ ਰਹਿਤ-ਰਹਿਣੀ ਨਾਲ ਪਿਆਰ ਉਪਜਾਉਣ ਲਈ ਜਤਨ।

੪. ਸਿਖ ਇਤਿਹਾਸਕ ਘਟਨਾਵਾਂ ਨੂੰ ਪੇਸ਼ ਕਰਦੇ ਰਹਿਣਾ।

੫. ਨੌਜੁਆਨਾਂ ਨੂੰ ਕੁਸੰਗਤ ਤੋਂ ਬਚਣ ਤੇ ਸ਼ੁਭ ਗੁਣਾਂ ਨੂੰ ਗ੍ਰਹਿਣ ਕਰਨ ਦੀ ਪ੍ਰੇਰਨਾ।

੬. ਭੈੜੀਆਂ ਵਾਦੀਆਂ ਅਤੇ ਨਸ਼ਿਆਂ ਆਦਿ ਤੋਂ ਰੋਕਣ ਲਈ ਜਤਨ।

੭. ਕੇਸ ਦਾੜ੍ਹੀ ਨੂੰ ਸੁਰਜੀਤ ਰਖਣ ਲਈ ਪ੍ਰਭਾਵਸ਼ਾਲੀ ਵਿਚਾਰਾਂ ਦਾ ਪ੍ਰਚਾਰ।

੮. ਸਾਦਾ ਜੀਵਨ ਤੇ ਸਾਦਾ ਲਿਬਾਸ ਆਦਿ ਰੱਖਣ ਲਈ ਪ੍ਰੇਰਨਾ।

੯. ਸੇਵਾ ਤੇ ਸਿਮਰਨ ਅਪਣਾਉਣ ਲਈ ਪ੍ਰੇਰਨਾ।

੧੦. ਦੰਭੀਆਂ-ਪਖੰਡੀਆਂ ਤੇ ਪਰਪੰਚੀਆਂ ਦੇ ਪਾਜ ਉਘੇੜਨਾ।

ਸਾਲਾਨਾ ਚੰਦਾ ਦੇਸ—30.00 ਅਮਾਨਤੀ ਲਾਈਫ਼ ਮੈਂਬਰ ਦੇਸ 250-00

ਪਰਦੇਸ ਸਾਲਾਨਾ ਚੰਦਾ— ਸਮੁੰਦਰੀ ਡਾਕ (ਸਾਰੇ ਦੇਸ) 80-00

" " ਹਵਾਈ ਡਾਕ (ਸਾਰੇ ਦੇਸ) 250.00

ਪਰਦੇਸ ਅਮਾਨਤੀ ਲਾਈਫ਼ ਮੈਂਬਰ— ਸਮੁੰਦਰੀ ਡਾਕ (ਸਾਰੇ ਦੇਸ) 800-00

" " ਹਵਾਈ ਡਾਕ (ਸਾਰੇ ਦੇਸ) 2000.00

ਇਸ ਰਕਮ ਦੀ ਬੈਂਕ ਤੋਂ ਐਫ. ਡੀ. ਬਣਵਾ ਦਿਤੀ ਜਾਂਦੀ ਹੈ। ਰਕਮ ਪਾਠਕ ਦੀ ਅਤੇ ਸੂਦ ਚੰਦੇ ਵਜੋਂ 'ਸੂਰਾ' ਪੱਤਰ ਨੂੰ ਮਿਲਦਾ ਰਹਿੰਦਾ ਹੈ।